PROSPECTUS 2024-25 ਪ੍ਰਾਸਪੈਕਟਸ

# ਸਰਕਾਰੀ ਕਾਲਜ ਕਰਮਸਰ

## ਰਾੜਾ ਸਾਹਿਬ, ਜ਼ਿਲ੍ਹਾ ਲੁਧਿਆਣਾ ।

## ਨੈਕ ਐਕਰੀਡੇਟਿਡ 'B' ਗ੍ਰੇਡ




# GOVT. COLLEGE, KARAMSAR

**(Affiliated to Panjab University, Chandigarh)**


**Phone: 01628-273059**

**email: gurinderkaramsar@gmail.com**

**visit us at : www.gckaramsar.ac.in**



| ਸੰਤ ਬਾਬਾ ਈਸ਼ਰ ਸਿੰਘ ਜੀ ਮਹਾਰਾਜ<br>(ਰਾੜਾ ਸਾਹਿਬ ਵਾਲੇ)<br>1. | ਸੰਤ ਬਾਬਾ ਕਿਸ਼ਨ ਸਿੰਘ ਜੀ ਮਹਾਰਾਜ<br>(ਰਾੜਾ ਸਾਹਿਬ ਵਾਲੇ)<br>2. |
|---|---|

1. ਸੰਤ ਬਾਬਾ ਈਸ਼ਰ ਸਿੰਘ ਜੀ ਮਹਾਰਾਜ,ਜਿਨ੍ਹਾਂ ਦੀ ਅਪਾਰ ਕ੍ਰਿਪਾ ਸਦਕਾ ਇਹ ਸੰਸਥਾ ਹੋਂਦ ਵਿੱਚ ਆਈ।

**2.ਸੰਤ ਬਾਬਾ ਕਿਸ਼ਨ ਸਿੰਘ ਜੀ ਮਹਾਰਾਜ, ਜਿਨ੍ਹਾਂ ਨੇ ਹੱਥੀਂ ਕਾਰ-ਸੇਵਾ ਕਰਕੇ ਆਪਣੀ ਨਿਗਰਾਨੀ ਵਿੱਚ ਇਸ ਇਮਾਰਤ ਨੂੰ ਤਿਆਰ ਕਰਵਾਇਆ।**

# ਸਰਕਾਰੀ ਕਾਲਜ ਕਰਮਸਰ ਰਾੜਾ ਸਾਹਿਬ, ਲੁਧਿਆਣਾ

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨਾਲ ਸਬੰਧਿਤ ਇਹ ਕਾਲਜ ਲੁਧਿਆਣਾ ਜ਼ਿਲ੍ਹੇ ਵਿੱਚ ਦਰਿਆ ਸਤਲੁਜ ਦੀ ਪਲੇਠੀ ਧੀ, ਬਠਿੰਡਾ ਬ੍ਰਾਂਚ ਨਹਿਰ ਕਿਨਾਰੇ, ਪਾਇਲ ਅਹਿਮਦਗੜ੍ਹ ਸੜਕ ਉੱਤੇ ਗੁਰਦੁਆਰਾ ਕਰਮਸਰ, ਰਾੜਾ ਸਾਹਿਬ ਤੋਂ ਕੋਈ ਡੇਢ ਕਿਲੋਮੀਟਰ ਪੱਛਮ ਵੱਲ ਸਥਿਤ ਹੈ। ਪਾਇਲ, ਦੋਰਾਹਾ ਅਤੇ ਅਹਿਮਦਗੜ੍ਹ ਤੋਂ ਇਸਦੀ ਦੂਰੀ ਲਗਭਗ ਇੱਕ ਸਮਾਨ ਹੈ, ਭਾਵ 10 ਕਿਲੋਮੀਟਰ। ਇਸਦੀ ਸ਼ਾਨਦਾਰ ਇਮਾਰਤ ਸੰਤ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਨੇ ਭਾਵੇਂ ਖ਼ਾਲਸਾ ਹਾਇਰ ਸੈਕੰਡਰੀ ਸਕੂਲ ਲਈ ਬਣਵਾਈ ਸੀ, ਪ੍ਰੰਤੂ 1969 ਵਿੱਚ ਬਾਬਾ ਜੀ ਨੇ ਉਸ ਸਮੇਂ ਦੇ ਮੁੱਖ ਮੰਤਰੀ ਜਸਟਿਸ ਗੁਰਨਾਮ ਸਿੰਘ ਜੀ ਪਾਸੋਂ ਇਸ ਨੂੰ ਖ਼ਾਲਸਾ ਕਾਲਜ ਅਤੇ ਫਿਰ ਸਰਕਾਰੀ ਕਾਲਜ ਵਜੋਂ ਮਨਜ਼ੂਰੀ ਦਵਾ ਦਿੱਤੀ ਅਤੇ ਸਮੁੱਚੀ ਇਮਾਰਤ ( ਸਮੇਤ ਕਾਫੀ ਫਰਨੀਚਰ) ਸਰਕਾਰ ਨੂੰ ਸੌਂਪ ਦਿੱਤੀ। ਕੁਝ ਸਮੇਂ ਲਈ (ਜਿੰਨਾ ਚਿਰ ਤੱਕ ਖ਼ਾਲਸਾ ਹਾਇਰ ਸੈਕੰਡਰੀ ਸਕੂਲ ਦੀ ਇਮਾਰਤ ਨਹੀਂ ਸੀ ਬਣੀ) ਇਸ ਇਮਾਰਤ ਵਿੱਚ ਸਕੂਲ ਅਤੇ ਕਾਲਜ ਨਾਲੋ-ਨਾਲ ਚੱਲਦੇ ਰਹੇ।

ਇੱਥੇ ਆਰਟਸ ਦੇ ਨਾਲ-ਨਾਲ ਕਾਮਰਸ ਅਤੇ ਸਾਇੰਸ ਦੇ ਵਿਸ਼ਿਆਂ ਦੀ ਪੜ੍ਹਾਈ ਵੀ ਕਰਾਈ ਜਾਂਦੀ ਹੈ।ਪ੍ਰਿੰਸੀਪਲ, ਪ੍ਰਾਧਿਆਪਕ, ਦਫਤਰੀ ਅਮਲ, ਲੈਬ ਅਤੇ ਲਾਇਬ੍ਰੇਰੀ ਸਟਾਫ ਅਤੇ ਦਰਜਾ ਚਾਰ ਸਮੇਤ ਇੱਥੇ 54 ਪੋਸਟਾਂ ਹਨ। ਮਿਹਨਤੀ ਸਟਾਫ ਕਾਰਨ ਹਰ ਵਰ੍ਹੇ ਯੂਨੀਵਰਸਿਟੀ ਨਾਲ ਸਬੰਧਿਤ ਨਤੀਜੇ ਬਹੁਤ ਵਧੀਆ ਆਉਂਦੇ ਹਨ।ਬਾਬਾ ਜੀ ਨੇ ਪੇਂਡੂ ਲੜਕੀਆਂ ਦੀ ਸਮੱਸਿਆਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ,ਇਸ ਨੂੰ ਸਹਿ-ਸਿੱਖਿਆ ਸੰਸਥਾ ਵਜੋਂ ਮਨਜ਼ੂਰ ਕਰਵਾਇਆ। ਕਿਉਂਕਿ ਪਿੰਡਾਂ ਦੇ ਸਮਾਜਕ ਸਰੋਕਾਰ ਲੜਕੀਆਂ ਨੂੰ 30 ਕਿਲੋਮੀਟਰ ਦੂਰ ਲੁਧਿਆਣਾ ਵਿਖੇ ਪੜ੍ਹਨ ਨਹੀਂ ਭੇਜ ਸਕਦੇ ਹਨ। ਜੇਕਰ ਬਾਬਾ ਜੀ ਇਹ ਕਾਲਜ ਨਾ ਸ਼ੁਰੂ ਕਰਵਾਉਂਦੇ ਤਾਂ ਅੱਜ ਇਹ ਸਮੁੱਚ ਇਲਾਕਾ ਪੰਜਾਬ ਦੇ ਨਕਸ਼ੇ ਤੇ ਇੱਕ ਪਛੜਿਆ ਹੋਇਆ ਇਲਾਕਾ ਮੰਨਿਆ ਜਾਂਦਾ। ਅਸੀਂ ਬਾਬਾ ਜੀ ਦੀ ਸੋਚ ਉੱਪਰ ਫੁੱਲ ਚੜ੍ਹਾਉਂਦੇ ਹਾਂ।

ਅੱਜ ਇਹ ਪੇਂਡੂ ਸੰਸਥਾਪੰਜਾਬ ਦੇ ਮੰਨੇ ਹੋਏ ਕਾਲਜਾਂ ਵਿੱਚੋਂ ਇੱਕ ਹੈ। 1975 ਵਿੱਚ ਗੁਰੂ ਨਾਨਕ ਦੇਵ ਜੀ ਦੇ 500 ਸਾਲਾ ਜਨਮ ਉਤਸਵ ਤੇ ਪੂਰੇ ਭਾਰਤ ਵਿੱਚ ਚਾਰ ਥਾਵਾਂ ਤੇ ਗੁਰੂ ਨਾਨਕ ਭਵਨ ਉਸਾਰੇ ਗਏ ਸਨ। ਇਹਨਾਂ ਵਿੱਚ ਇੱਕ ਜਗ੍ਹਾ ਇਹ ਕਾਲਜ ਵੀ ਸੀ ਜਿੱਥੇ ਅੱਜ ਮੁੱਖ ਇਮਾਰਤ ਤੋਂ ਪੂਰਬ ਵੱਲ ਗੇਰੂਏ ਰੰਗ ਦੀ ਇੱਕ ਇਮਾਰਤ ਸ਼ੋਭਾ ਦੇ ਰਹੀ ਹੈ। ਕਾਲਜ ਵਿੱਚ ਕਮਿਸਟਰੀ ਫਿਜ਼ਿਕਸ, ਕੰਪਿਊਟਰ ਸਾਇੰਸ ਅਤੇ ਜੌਗਰਾਫੀ ਦੀਆਂ ਅਤਿ ਆਧੁਨਿਕ ਪ੍ਰਯੋਗਸ਼ਾਲਾਵਾਂ ਹਨ। ਲਾਇਬ੍ਰੇਰੀ, ਰੀਡਿੰਗ ਰੂਮ, ਖੇਡਾਂ ਦੇ ਮੈਦਾਨ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹਨ।

ਸਮੇਂ ਦੀ ਮੰਗ ਨੂੰ ਦੇਖਦੇ ਹੋਏ ਯੂਨੀਵਰਸਿਟੀ ਵੱਲੋਂ ਕੰਪਿਊਟਰ ਸਿੱਖਿਆ ਵੀ ਸ਼ੁਰੂ ਕੀਤੀ ਗਈ ਹੈ ਅਤੇ ਐਜੂਸੈਟ ਰਾਹੀਂ ਇਸ ਸੰਸਥਾ ਨੂੰ ਪੂਰੇ ਭਾਰਤ ਦੀਆਂ ਸਿੱਖਿਆ ਸੰਸਥਾਵਾਂ ਨਾਲ ਜੋੜਿਆ ਗਿਆ ਹੈ। ਇਸ ਕਾਲਜ ਵਿੱਚ ਉਚੇਰੀ ਸਿੱਖਿਆ ਪ੍ਰਾਪਤੀ ਲਈ ਦਾਖ਼ਲਾ ਲੈਣ ਆਏ ਸਿਖਿਆਰਥੀਆਂ ਨੂੰ ਸੰਤ ਬਾਬਾ ਈਸ਼ਰ ਸਿੰਘ ਜੀ ਇਹ ਸੰਸਥਾ ਜੀ ਆਇਆਂ ਆਖਦੀ ਹੈ। ਸਤੰਬਰ 2016 ਵਿੱਚ ਨੈਕ ਵੱਲੋਂ ਕਾਲਜ ਨੂੰ 'ਭ' ਗ੍ਰੇਡ ਦਿੱਤਾ ਗਿਆ ਹੈ ਜੋ ਕਿ ਸਮੁੱਚੇ ਸਟਾਫ ਦੀ ਮਾਹਨ ਪ੍ਰਾਪਤੀ ਹੈ।



# ਸੰਦੇਸ਼

ਪਿਆਰੇ ਵਿਦਿਆਰਥੀਓ,

ਮੈਂ ਆਪ ਸਭ ਨੂੰ ਮੁਬਾਰਕਬਾਦ ਆਖਦਾ ਹਾਂ ਕਿ ਆਪ ਨੇ ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਬਣੇ ਸਰਕਾਰੀ ਕਾਲਜਾਂ ਵਿੱਚੋਂ ਸਭ ਤੋਂ ਬੇਹਤਰੀਨ ਸੰਸਥਾ ਵਿੱਚ ਦਾਖਲਾ ਲੈਣ ਦੀ ਚੋਣ ਕੀਤੀ ਹੈ। ਇਸ ਸੰਸਥਾ ਨੂੰ ਸੰਤ ਬਾਬਾ ਈਸ਼ਰ ਸਿੰਘ ਜੀ ਨੇ ਬੜੀ ਸ਼ਿੱਦਤ ਅਤੇ ਲਗਨ ਨਾਲ ਤਿਆਰ ਕਰਵਾਇਆ ਸੀ ਜਿਸ ਦੀ ਉਸਾਰੀ ਵਿੱਚ ਸੰਤ ਬਾਬਾ ਕਿਸ਼ਨ ਸਿੰਘ ਜੀ ਦਾ ਬਹੁਤ ਵਡਮੁੱਲਾ ਯੋਗਦਾਨ ਹੈ। ਮੈਂ ਆਪਣੇ ਆਪ ਨੂੰ ਵੀ ਵਡਭਾਗਾ ਸਮਝਦਾ ਹਾਂ ਕਿ ਮਹਾਂਪੁਰਖਾਂ ਦੇ ਵਰੋਸਾਏ ਇਸ ਕਾਲਜ ਵਿੱਚੋਂ ਮੈਨੂੰ ਵੀ ਗ੍ਰੈਜੂਏਸ਼ਨ ਦੀ ਉਚੇਰੀ ਸਿੱਖਿਆ ਹਾਸਲ ਕਰਨ ਦਾ ਅਵਸਰ ਪ੍ਰਾਪਤ ਹੋਇਆ। ਇਸ ਗੱਲ ਦੀ ਖੁਸ਼ੀ ਅਤੇ ਮਾਣ ਹੈ ਕਿ ਕਾਲਜ ਵੱਲੋਂ ਬਣਾਈ ਗਈ ਐਲੂਮਨੀ ਐਸੋਸੀਏਸ਼ਨ ਵਿੱਚ ਮੈਨੂੰ ਚੀਫ ਪੈਟਰਨ ਵਜੋਂ ਨਾਮਜ਼ਦ ਕਰਕੇ ਕਾਲਜ ਦੀ ਪ੍ਰਗਤੀ ਵਿੱਚ ਯੋਗਦਾਨ ਦੇਣ ਦਾ ਸੁਭਾਗਾ ਅਵਸਰ ਪ੍ਰਦਾਨ ਕੀਤਾ ਗਿਆ ਹੈ ।

ਪਿਆਰੇ ਵਿਦਿਆਰਥੀਓ, ਮੈਨੂੰ ਵਿਸ਼ਵਾਸ਼ ਹੈ ਕਿ ਇਸ ਸੰਸਥਾ ਵਿੱਚ ਪੜ੍ਹਾਈ ਦੇ ਸਮੇਂ ਦੌਰਾਨ ਤੁਸੀਂ ਕਿਤਾਬੀ ਗਿਆਨ ਦੇ ਨਾਲ-ਨਾਲ ਸਮਾਜਿਕ ਅਤੇ ਅਧਿਆਤਮਕ ਗੈਰ-ਰਸਮੀ ਗਿਆਨ ਹਾਸਲ ਕਰਨ ਦੇ ਵੀ ਦਾਅਵੇਦਾਰ ਬਣ ਜਾਵੋਗੇ । ਸਿੱਖਿਆ ਲਈ ਆਓ, ਸੇਵਾ ਲਈ ਜਾਓ ਦੇ ਸਿਧਾਂਤ ਅਨੁਸਾਰ ਆਪ ਸਭ ਨੇ ਭਵਿੱਖ ਵਿੱਚ ਸਮਾਜ ਨੂੰ ਬਿਹਤਰ ਬਣਾਉਣ ਵਿੱਚ ਵਡਮੁੱਲਾ ਯੋਗਦਾਨ ਪਾਉਣਾ ਹੈ, ਮਾਪਿਆਂ ਅਤੇ ਅਧਿਆਪਕਾਂ ਦਾ ਨਾਮ ਰੌਸ਼ਨ ਕਰਨਾ ਹੈ, ਜਿਸ ਲਈ ਮੈਂ ਤੁਹਾਨੂੰ ਸ਼ੁੱਭ ਇਛਾਵਾਂ ਅਤੇ ਦੁਆਵਾਂ ਦਿੰਦਾ ਹਾਂ। ਇਸ ਕਾਰਜ ਲਈ ਕਾਲਜ ਦੇ ਪ੍ਰਿੰਸੀਪਲ ਡਾ: ਮੁਹੰਮਦ ਇਰਫਾਨ ਜੀ ਅਤੇ ਸਮੂਹ ਸਟਾਫ਼ ਮੈਂਬਰ ਪੂਰੀ ਨੀਝ ਅਤੇ ਤਨਦੇਹੀ ਨਾਲ ਆਪ ਸਭ ਦੀ ਸੁਚੱਜੀ ਰਹਿਨੁਮਾਈ ਕਰਨਗੇ। ਕਾਲਜ ਵਿੱਚ ਪ੍ਰਗਤੀਸ਼ਾਲੀ ਕਾਰਜ ਕਰਵਾਏ ਜਾਣ ਲਈ ਮੈਂ ਪ੍ਰਿੰਸੀਪਲ ਸਾਹਿਬ ਅਤੇ ਸਮੂਹ ਸਟਾਫ ਮੈਂਬਰਾਂ ਨੂੰ ਮੁਬਾਰਕਬਾਦ ਦਿੰਦਾ ਹਾਂ। ਵਹਿਗੁਰੂ ਇਸ ਸੰਸਥਾ ਉੱਪਰ ਆਪਣੀ ਕਿਰਪਾ ਬਣਾਈ ਰੱਖਣ ਅਤੇ ਇਹ ਸੰਸਥਾ ਉਚੇਰੀ ਸਿੱਖਿਆ ਦੀ ਮੁਹਿੰਮ ਵਿੱਚ ਆਪਣੀਆਂ ਪ੍ਰਾਪਤੀਆਂ ਦੀ ਮਸ਼ਾਲ ਬਲਦੀ ਰੱਖ ਕੇ ਸਮਾਜ ਦੇ ਹਨੇਰੇ ਖੂੰਜਿਆਂ ਨੂੰ ਰੌਸ਼ਨ ਕਰਨ ਵਿੱਚ ਬੇਮਿਸਾਲ ਭੂਮਿਕਾ ਨਿਭਾਉਂਦੀ ਰਹੇ, ਮੇਰੀ ਅਰਦਾਸ ਹੈ।

ਬਲਜਿੰਦਰ ਸਿੰਘ<br>
ਮੁੱਖ ਸੇਵਾਦਾਰ<br>
ਗੁਰਦੁਆਰਾ ਕਰਮਸਰ ਰਾੜਾ ਸਾਹਿਬ



# ਸੰਦੇਸ਼

ਪਿਆਰੇ ਵਿਦਿਆਰਥੀਓ,

ਸਭ ਤੋਂ ਪਹਿਲਾਂ ਮੈਂ ਤੁਹਾਨੂੰ ਇਸ ਗੱਲ ਦੀ ਮੁਬਾਰਕਬਾਦ ਆਖਦਾ ਹਾਂ ਕਿ ਤੁਸੀਂ ਸਰਕਾਰੀ ਕਾਲਜ ਕਰਮਸਰ (ਰਾੜਾ ਸਾਹਿਬ) ਨੂੰ ਆਪਣੀ ਉੱਚ-ਵਿੱਦਿਆ ਪ੍ਰਾਪਤੀ ਲਈ ਚੁਣਿਆ ਹੈ। ਇਸ ਗੌਰਵਮਈ ਸੰਸਥਾ ਦੀ ਕਰਮ-ਭੂਮੀ ਰਾਹੀਂ ਹਜ਼ਾਰਾਂ ਹੀ ਵਿਦਿਆਰਥੀ ਆਪਣੀਆਂ ਮੰਜ਼ਿਲਾਂ ਪ੍ਰਾਪਤ ਕਰ ਚੁੱਕੇ ਹਨ। ਇਹ ਸੰਸਥਾ ਪੂਜਣਯੋਗ ਸੰਤ ਮਹਾਰਾਜ ਈਸ਼ਰ ਸਿੰਘ ਜੀ (ਰਾੜਾ ਸਾਹਿਬ) ਜੀ ਦੁਆਰਾ ਵਰੋਸਾਈ ਹੋਈ ਹੈ ਅਤੇ ਪੰਜਾਬ ਦੇ ਪੇਂਡੂ ਖੇਤਰ ਦੀ ਸਿੱਖਿਆ ਵਿੱਚ ਵਡਮੁੱਲਾ ਯੋਗਦਾਨ ਇਸ ਸੰਸਥਾ ਦਾ ਵਿਰਸਾ ਹੈ। ਪਿਛਲੇ ਸਾਲਾਂ ਵਿੱਚ ਇਸ ਸੰਸਥਾ ਨੇ ਹਰ ਵਿਦਿਆਰਥੀ ਦਾ ਸਰਵਪੱਖੀ ਵਿਕਾਸ ਕਰਨ ਹਿੱਤ ਹਰ ਸੰਭਵ ਯਤਨ ਕੀਤਾ ਹੈ ਅਤੇ ਪ੍ਰਾਪਤੀਆਂ ਵੀ ਕਰ ਦਿਖਾਈਆਂ ਹਨ। ਉੱਚੇ ਮਿਆਰ ਦੀ ਸਿੱਖਿਆ ਪ੍ਰਦਾਨ ਕਰਨ ਦੇ ਮੰਤਵ ਵਿੱਚ ਸਾਡੇ ਨਵੇਂ/ਪੁਰਾਣੇ ਵਿਦਿਆਰਥੀਆਂ ਅਤੇ ਅਧਿਆਪਕਾਂ ਦਾ ਅਹਿਮ ਯੋਗਦਾਨ ਰਿਹਾ ਹੈ। ਸਿੱਖਿਆ, ਪ੍ਰਸ਼ਾਸਨ, ਰਾਜਨੀਤੀ, ਖੇਡਾਂ, ਇੰਜੀਨੀਅਰਿੰਗ, ਪੱਤਰਕਾਰੀ ਆਦਿ ਬਹੁਤ ਸਾਰੇ ਖੇਤਰਾਂ ਵਿੱਚ ਉੱਚੇ ਅਹੁਦਿਆਂ ਤੇ ਬਿਰਾਜਮਾਨ ਸਾਡੇ ਵਿਦਿਆਰਥੀ ਦੇਸ਼ ਸੇਵਾ ਕਰ ਚੁੱਕੇ ਹਨ ਅਤੇ ਕਰ ਰਹੇ ਹਨ। **ਗਿਆਨੁ ਗੁਰੂ ਆਤਮ ਉਪਦੇਸਹੁ** ਦਾ ਪਵਿੱਤਰ ਬਚਨ ਕਾਲਜ ਦੇ ਵਿਦਿਆਰਥੀਆਂ ਨੂੰ ਗਿਆਨ, ਸੇਵਾ, ਸਮਰਪਣ ਅਤੇ ਲੀਡਰਸ਼ਿਪ ਦੀ ਮਿਸਾਲ ਬਣਨ ਲਈ ਪ੍ਰੇਰਿਤ ਕਰਦਾ ਹੈ।

ਵਰਤਮਾਨ ਸਮੇਂ ਵਿੱਚ ਇਹ ਸੰਸਥਾ ਸਵੱਛ ਵਾਤਾਵਰਣ ਵਿੱਚ ਕੁਦਰਤ ਦੀ ਰੰਗਲੀ ਗੋਦ ਵਿੱਚ ਸਥਾਪਤ ਹੋ ਕੇ ਵਿਗਿਆਨਕ ਸੋਚ ਅਤੇ ਆਧੁਨਿਕ ਪ੍ਰਯੋਗਸ਼ਾਲਾਵਾਂ ਸਹਿਤ ਪੂਰੀ ਤਰ੍ਹਾਂ ਸਮਰੱਥ ਅਤੇ ਸਰਬ-ਸੰਪੰਨ ਹੈ। ਇਹ ਸੰਸਥਾ ਆਧੁਨਿਕ ਉਪਕਰਣਾਂ ਅਤੇ ਤਕਨੀਕ ਨਾਲ ਪੂਰੀ ਤਰ੍ਹਾਂ ਸੁਸੱਜਿਤ ਹੈ ਅਤੇ ਅਜੋਕੇ ਵਿਦਿਆਰਥੀਆਂ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਨਿਰੰਤਰ ਅਗਰਸਰ ਹੈ। ਸਾਡਾ ਮਿਹਨਤੀ ਅਤੇ ਯੋਗ ਸਟਾਫ ਪੂਰੀ ਲਗਨ ਅਤੇ ਸਿਰੜ ਨਾਲ ਤੁਹਾਡੇ ਇੱਕ ਇੱਕ ਕਦਮ 'ਤੇ ਤੁਹਾਡੀ ਰਹਿਨੁਮਾਈ ਕਰਨ ਦੇ ਸਮਰੱਥ ਹੈ ਅਤੇ ਹਰ ਸਮੇਂ ਤਤਪਰ ਹੈ। ਤੁਸੀਂ ਉਦੇਸ਼ ਲੈ ਕੇ ਅੱਗੇ ਵਧੋ। ਮੇਰੀ ਦੁਆ ਹੈ!

ਡਾ: ਮੁਹੰਮਦ ਇਰਫਾਨ
ਪ੍ਰਿੰਸੀਪਲ

# ਕਾਲਜ ਸਟਾਫ਼

**ਪ੍ਰਿੰਸੀਪਲ : ਡਾ. ਮੁਹੰਮਦ ਇਰਫਾਨ** M.A. M.Phil,Ph.D.

**ਪੰਜਾਬੀ ਵਿਭਾਗ**

1. ਪ੍ਰੋ. ਇੰਦਰਪਾਲ ਸਿੰਘ M.A. B.Ed. U.G.C.-N.E.T.
2. ਪ੍ਰੋ. ਸੁਖਜੀਤ ਸਿੰਘ M.A. U.G.C.-N.E.T.
3. ਪ੍ਰੋ. ਗਗਨਦੀਪ ਕੌਰ M.A. U.G.C.-N.E.T.
4. ਖਾਲੀ.

**ਹਿੰਦੀ ਵਿਭਾਗ**

1. ਪ੍ਰੋ. ਜੋਗਿੰਦਰ ਸਿੰਘ M.A. U.G.C.-N.E.T.

**ਅੰਗਰੇਜ਼ੀ ਵਿਭਾਗ**

1. ਪ੍ਰੋ. ਵਰਿੰਦਰ ਸਿੰਘ M.A.U.G.C.-N.E.T.
2. ਪ੍ਰੋ. ਮਨਿੰਦਰ ਸਿੰਘ M.A.U.G.C.-N.E.T.
3. ਪ੍ਰੋ. ਅਮਨਦੀਪ ਕੌਰ M.A.

**ਗਣਿਤ ਵਿਭਾਗ**

1. ਖਾਲੀ

**ਅਰਥ ਸ਼ਾਸਤਰ ਵਿਭਾਗ** 1. ਪ੍ਰੋ. ਹਰਮਨਦੀਪ ਕੌਰ M.A.

**ਇਤਿਹਾਸ ਵਿਭਾਗ** 1. ਪ੍ਰੋ. ਰੁਪਿੰਦਰ ਕੌਰ M.A.

**ਰਾਜਨੀਤੀ ਸ਼ਾਸਤਰ ਵਿਭਾਗ**

1. ਪ੍ਰੋ. ਸੁਖਬੀਰ ਸਿੰਘ M.A.U.G.C.-N.E.T.

**ਭੂਗੋਲ ਵਿਭਾਗ** 1. ਪ੍ਰੋ. ਗੁਰਦਿੱਤ ਸਿੰਘ M.Sc. Geo. M.Phil U.G.C.-N.E.T

**ਸਰੀਰਕ ਸਿੱਖਿਆ ਵਿਭਾਗ** 1. ਖਾਲੀ

**ਕਮਿਸਟਰੀ ਵਿਭਾਗ**

1. ਪ੍ਰੋ. ਪ੍ਰਦੀਪ ਸਿੰਘ M.Sc. U.G.C.-N.E.T.
2. ਖਾਲੀ

**ਫਿਜ਼ਿਕਸ ਵਿਭਾਗ**

1. ਪ੍ਰੋ. ਅਵਤਾਰ ਸਿੰਘ M.Sc.
2. ਪ੍ਰੋ. ਰਾਜਵਿੰਦਰ ਕੌਰ M.Sc.

**ਕਮੱਰਸ ਵਿਭਾਗ**

1. ਪ੍ਰੋ. ਰੁਪਿੰਦਰ ਕੌਰ M.Com. U.G.C.-N.E.T.
2. ਪ੍ਰੋ. ਪੂਨਮ M.Com.U.G.C.-N.E.T.
3. ਪ੍ਰੋ. ਜਸਵੀਰ ਕੌਰ M.Com. U.G.C.-N.E.T.
4. ਖਾਲੀ

**ਕੰਪਿਊਟਰ ਵਿਭਾਗ** 1. ਪ੍ਰੋ. ਰਮਨਦੀਪ ਕੌਰ M.Sc. I.T., M.C.A. PGDCA

**ਵਾਧੂ ਡਿਊਟੀਜ਼ :**

1) ਡੀਨ ਸਟੂਡੈਂਟਸ ਵੈਲਫੇਅਰ/ਰਜਿਸਟਰਾਰ
ਪ੍ਰੋ. ਇੰਦਰਪਾਲ ਸਿੰਘ

2) ਬਰਸਰ
ਪ੍ਰੋ. ਗੁਰਦਿੱਤ ਸਿੰਘ

3) ਸਟਾਫ ਸਕੱਤਰ
ਪ੍ਰੋ. ਇੰਦਰਪਾਲ ਸਿੰਘ

4) ਸੀਨੀਅਰ ਟਿਊਟਰ (ਲੜਕੇ)
ਪ੍ਰੋ. ਗੁਰਦਿੱਤ ਸਿੰਘ

5) ਡੀਨ ਅਕਡੈਮਿਕ ਕੌਂਸਲ/ਵਿਸ਼ਾ ਬਦਲਣ ਇੰਚਾਰਜ
ਪ੍ਰੋ. ਵਰਿੰਦਰ ਸਿੰਘ

6) ਸੀਨੀਅਰ ਟਿਊਟਰ (ਲੜਕੀਆਂ)
ਪ੍ਰੋ. ਰਮਨਦੀਪ ਕੌਰ

7) ਐਨ.ਐਸ.ਐਸ.
ਪ੍ਰੋ.ਗਗਨਦੀਪ ਕੌਰ(ਪ੍ਰੋਗਰਾਮ ਅਫਸਰ, ਲੜਕੀਆਂ),
ਪ੍ਰੋ. ਜੋਗਿੰਦਰ ਸਿੰਘ (ਪ੍ਰੋਗਰਾਮ ਅਫਸਰ, ਲੜਕੇ)

8)ਸੱਭਿਆਚਾਰਕ ਸਰਗਰਮੀਆਂ
ਪ੍ਰੋ. ਹਰਮਨਦੀਪ ਕੌਰ

9) ਯੁਥ ਸੇਵਾਵਾਂ/ਰੈਡ ਰਿਬਨ/ਈਕੋ ਕਲੱਬ
ਪ੍ਰੋ.ਗਗਨਦੀਪ ਕੌਰ

10) IQAC ਕੋ-ਆਰਡੀਨੇਟਰ
ਪ੍ਰੋ. ਇੰਦਰਪਾਲ ਸਿੰਘ

11) UGC ਇੰਚਾਰਜ
ਪ੍ਰੋ: ਵਰਿੰਦਰ ਸਿੰਘ

12) RUSA ਕੋ-ਆਰਡੀਨੇਟਰ
ਪ੍ਰੋ: ਇੰਦਰਪਾਲ ਸਿੰਘ

**ਦਫਤਰੀ ਅਤੇ ਹੋਰ ਅਮਲਾ**

1. ਸ਼੍ਰੀ ਗੁਰਿੰਦਰ ਸਿੰਘ ਜੂਨੀਅਰ ਅਸਿਸਟੈਂਟ (ਯੂਨੀ.)
2. ਸ਼੍ਰੀ ਰਵਿੰਦਰ ਸਿੰਘ ਜੂਨੀਅਰ ਅਸਿਸਟੈਂਟ (ਫੀਸਾਂ ਅਤੇ ਫੰਡਜ਼)
3. ਕਲਰਕ ਖਾਲੀ
4. ਸਟੈਨੋ ਟਾਈਪਿਸਟ ਖਾਲੀ
5. ਦਫਤਰੀ ਖਾਲੀ

**ਲਾਇਬ੍ਰੇਰੀ ਅਮਲਾ**

1. ਲਾਇਬ੍ਰੇਰੀਅਨ ਖਾਲੀ
2. ਰਿਸਟੋਰਰ ਖਾਲੀ
3. ਲਾਇਬ੍ਰੇਰੀ ਅਟੈਂਡੈਂਟ ਖਾਲੀ

**ਪ੍ਰੋਯਗਸ਼ਾਲਾ ਅਮਲਾ**

1) ਕਮਿਸਟਰੀ
1. ਐੱਸ.ਐੱਲ.ਏ. ਖਾਲੀ
2. ਜੇ.ਐੱਲ.ਏ. ਖਾਲੀ
3. ਗੈਸਮੈਨ ਖਾਲੀ
4. ਲੈਬ ਅਟੈਂਡੈਂਟ ਲਖਵਿੰਦਰ ਸਿੰਘ ਸੀਨੀਅਰ ਐਲ. ਏ.

2) ਫਿਜ਼ਿਕਸ
1. ਐੱਸ.ਐੱਲ.ਏ. ਖਾਲੀ
2. ਜੇ.ਐੱਲ.ਏ. ਖਾਲੀ
3. ਸ਼੍ਰੀ ਅਮਰੀਕ ਸਿੰਘ ਸੀਨੀਅਰ ਐਲ. ਏ.

3) ਭੂਗੋਲ
1. ਜੇ.ਐੱਲ.ਏ ਖਾਲੀ
2. ਮਨਜਿੰਦਰ ਸਿੰਘ ਸੀਨੀਅਰ ਐਲ.ਏ.

4) ਕੰਪਿਊਟਰ ਸਾਇੰਸ
1. ਕੰਪਿਊਟਰ ਅਪਰੇਟਰ ਖਾਲੀ

5) ਹੋਰ ਅਮਲਾ
1. ਸ਼੍ਰੀ ਪਰਮਜੀਤ ਕੁਮਾਰ ਬੇਲਦਾਰ

**ਨੋਟ:** 1. ਉਪਰੋਕਤ ਅਮਲੇ ਤੋਂ ਇਲਾਵਾ ਦੋ ਬੇਲਦਾਰ, ਇੱਕ ਮਾਲੀ, ਇੱਕ ਵਾਟਰਮੈਨ, ਤਿੰਨ ਚੌਂਕੀਦਾਰ ਅਤੇ ਤਿੰਨ ਸਫਾਈ ਕਰਮਚਾਰੀਆਂ ਦੀਆਂ ਪੋਸਟਾਂ ਖਾਲੀ ਹਨ। ਲੋੜ ਮੁਤਾਬਕ ਡੀ.ਸੀ. ਰੇਟਸ ਤੇ ਦਿਹਾੜੀਦਾਰ ਕਾਮੇ ਰੱਖ ਕੇ ਕੰਮ ਚਲਾਇਆ ਜਾਂਦਾ ਹੈ।

# ਕਾਲਜ ਵਿੱਚ ਚਲਦੇ ਮੌਜੂਦਾ ਕੋਰਸ

| ਲੜੀ ਨੰ. | ਸ਼੍ਰੇਣੀ | ਸੀਟਾਂ |
|---|---|---|
| 1. | ਬੀ.ਏ. | 240 |
| 2. | ਬੀ.ਕਾਮ. | 70 |
| 3. | ਬੀ.ਐਸ.ਸੀ. ਨਾਨ ਮੈਡੀਕਲ | 60 |

* ਸਰਕਾਰ/ਪੰਜਾਬ ਯੂਨੀ. ਦੀਆਂ ਹਦਾਇਤਾਂ ਮੁਤਾਬਕ ਸੀਟਾਂ ਵੱਧ ਘੱਟ ਹੋ ਸਕਦੀਆਂ ਹਨ।

## ਵਿਸ਼ਿਆਂ ਦੇ ਜੁੱਟ

ਇਹ ਕਾਲਜ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨਾਲ ਸੰਬੰਧਿਤ ਹੈ। ਕਾਲਜ ਦੀਆਂ ਵੱਖ-ਵੱਖ ਸ਼੍ਰੇਣੀਆਂ ਵਿੱਚ ਹੇਠ ਲਿਖੇ ਵਿਸ਼ਾ ਜੁੱਟਾਂ ਦਾ ਪ੍ਰਬੰਧ ਹੈ।

## ਬੀ.ਏ. ਭਾਗ ਪਹਿਲਾ (ਸਮੈਸਟਰ ਪਹਿਲਾ)

ਜਨਰਲ ਅੰਗਰੇਜ਼ੀ, ਜਨਰਲ ਪੰਜਾਬੀ ਅਤੇ ਵਾਤਾਵਰਣ ਸਿੱਖਿਆ ਤੋਂ ਇਲਾਵਾ ਹੇਠ ਲਿਖੇ ਅਨੁਸਾਰ ਤਿੰਨ ਵਿਸ਼ੇ ਲੈਣੇ ਹੋਣਗੇ, ਪਰ ਹਰ ਇੱਕ ਵਿਸ਼ਾ ਸਮੂਹ ਵਿੱਚੋਂ ਕੇਵਲ ਇੱਕ ਹੀ ਵਿਸ਼ਾ ਲਿਆ ਜਾ ਸਕਦਾ ਹੈ :-

1. ਪੰਜਾਬੀ ਚੋਣਵੀਂ / ਹਿੰਦੀ ਚੋਣਵੀਂ / ਅੰਗਰੇਜ਼ੀ ਚੋਣਵੀਂ    2. ਅਰਥ ਸ਼ਾਸਤਰ    3. ਰਾਜਨੀਤੀ ਸ਼ਾਸਤਰ    4. ਗਣਿਤ / ਇਤਿਹਾਸ
5. ਭੂਗੋਲ / ਸਰੀਰਕ ਸਿੱਖਿਆ / ਕੰਪਿਊਟਰ ਸਾਇੰਸ

* ਸਰੀਰਕ ਸਿੱਖਿਆ ਅਤੇ ਕੰਪਿਊਟਰ ਸਾਇੰਸ ਦੇ ਵਿਸ਼ਿਆਂ ਵਿੱਚ ਕੇਵਲ 40 ਅਤੇ 30 ਵਿਦਿਆਰਥੀ ਹੀ ਟੈਸਟ/ਮੈਰਿਟ ਦੇ ਆਧਾਰ ਤੇ ਦਾਖ਼ਲ ਕੀਤੇ ਜਾਣਗੇ।

## ਬੀ.ਐੱਸ.ਸੀ. (ਨਾਨ ਮੈਡੀਕਲ) ਸਮੈਸਟਰ ਪਹਿਲਾ

ਇਸ ਕਲਾਸ ਦੇ ਵਿਦਿਆਰਥੀਆਂ ਲਈ ਪੰਜਾਬੀ ਵਿਸ਼ੇ ਤੋਂ ਇਲਾਵਾ ਹੇਠ ਲਿਖੇ ਵਿਸ਼ੇ ਲੈਣੇ ਜ਼ਰੂਰੀ ਹਨ :

1. ਕਮਿਸਟਰੀ   2. ਫਿਜ਼ਿਕਸ   3. ਗਣਿਤ   4. ਵਾਤਾਵਰਣ ਸਿੱਖਿਆ

## ਬੀ.ਕਾਮ ਭਾਗ ਪਹਿਲਾ (ਸਮੈਸਟਰ ਪਹਿਲਾ)

1. Punjabi or History And Culture Of Punjab
2. English And Business Communication
3. Psychology For Managers
4. Micro Economics
5. Principles Of Financial Acounting
6. Commercial Laws
7. Principles & Practice of Mgmt.

ਇਹ ਕਾਲਜ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨਾਲ ਸੰਬੰਧਿਤ ਹੈ। **NEP** ਲਾਗੂ ਹੋਣ ਦੀ ਸੂਰਤ ਵਿਚ ਕਾਲਜ ਦੀਆਂ ਵੱਖ-ਵੱਖ ਸ਼੍ਰੇਣੀਆਂ ਵਿੱਚ **Major** ਅਤੇ **Minor** ਵਿਸ਼ੇ ਪੰਜਾਬ ਸਰਕਾਰ ਅਤੇ ਯੂਨੀਵਰਸਿਟੀ ਦੀਆਂ ਹਦਇਤਾਂ ਅਤੇ **NEP** ਅਨੁਸਾਰ ਰੱਖੇ ਜਾ ਸਕਦੇ ਹਨ।

**ਕਾਲਜ ਜਗਤ ਗੁਰੂ ਨਾਨਕ ਓਪਨ ਯੂਨੀਵਰਸਿਟੀ ਨਾਲ ਵੀ ਐਫੀਲੀਏਟਡ ਹੈ ਅਤੇ ਇਸਦੇ ਕੋਰਸਾਂ ਲਈ ਦਾਖਲਾ ਕਰਨ ਦਾ ਕਾਰਜ ਪ੍ਰਕਿਰਿਆ ਅਧੀਨ ਹੈ ਜੋ ਬਹੁਤ ਜਲਦੀ ਆਰੰਭ ਕੀਤੇ ਜਾਣਗੇ। ਇਸ ਦੇ ਨਾਲ ਹੀ ਕਾਲਜ ਵਿੱਚ HEIS ਸੰਸਥਾ ਸਥਾਪਿਤ ਹੋ ਚੁੱਕੀ ਹੈ ਜਿਸ ਰਾਹੀਂ ਸੈੱਲਫ ਫਾਈਨਾਂਸ ਸਕੀਮ ਅਧੀਨ ਮੈਡੀਕਲ ਲੈਬ ਟੈਕਨਾਲੌਜੀ ਦਾ ਕੋਰਸ ਜਲਦੀ ਹੀ ਆਰੰਭ ਕੀਤਾ ਜਾ ਰਿਹਾ ਹੈ।**

ਨੋਟ: ਮੈਰਿਟ ਅਨੁਸਾਰ ਚੁਣੇ ਗਏ ਬਿਨੈਕਾਰਾਂ ਨੂੰ ਦਾਖਲੇ ਲਈ ਦਾਖਲਾ ਫਾਰਮ ਸਮੇਤ ਲੋੜੀਂਦੇ ਦਸਤਾਵੇਜ਼ਾਂ ਦੀਆਂ ਨਕਲਾਂ ਦਾਖਲਾ ਕਮੇਟੀ ਪਾਸ ਜਮ੍ਹਾਂ ਕਰਵਾਉਣੇ ਲਾਜ਼ਮੀ ਹੋਣਗੇ।

# ਦਾਖ਼ਲੇ ਦੇ ਨਿਯਮ

## 1.) ਰਾਖਵੀਆਂ ਸੀਟਾਂ (RESERVATION OF SEATS)

ਦਾਖਲਾ ਫ਼ਾਰਮ ਵਿੱਚ ਕੈਟਾਗਰੀ ਸਪੱਸ਼ਟ ਤੌਰ ਤੇ ਭਰੀ ਜਾਵੇ। ਜੇਕਰ ਇੱਕ ਵਿਦਿਆਰਥੀ ਇੱਕ ਤੋਂ ਵੱਧ ਕੈਟਾਗਰੀ ਵਿੱਚ ਦਾਖਲਾ ਲੈਣ ਲਈ ਅਪਲਾਈ ਕਰਨਾ ਚਾਹੁੰਦਾ ਹੈ, ਤਾਂ ਉਸਨੂੰ ਵੱਖਰੇ ਤੌਰ ਤੇ ਫਾਰਮ ਭਰਨ ਤੇ ਹੀ ਇੱਕ ਤੋਂ ਵੱਧ ਕੈਟਾਗਰੀ ਵਿੱਚ ਦਾਖਲੇ ਲਈ ਵਿਚਾਰਿਆ ਜਾਵੇਗਾ।

### ਦਾਖਲੇ ਲਈ ਰਾਖਵੀਆਂ ਸੀਟਾਂ :-

| | |
|---|---|
| 1. ਅਨੁਸੂਚਿਤ ਜਾਤੀ / ਜਨ ਜਾਤੀ | 25% |
| 2. ਪੱਛੜੀਆਂ ਸ਼੍ਰੇਣੀਆਂ | 10 % |
| 3. ਬੀ.ਐਸ ਐਫ,/ਸੀ.ਆਰ.ਪੀ.ਐਫ. / ਪੰਜਾਬ ਪੁਲਿਸ / ਪੰਜਾਬ ਹੋਮ ਗਾਰਡਜ਼ / ਪੀ.ਏ.ਪੀ. / ਕਰਦੇ ਕਰਮਚਾਰੀਆਂ ਅਤੇ ਸਾਬਕਾ ਸੈਨਿਕਾਂ ਅਤੇ ਕਰਮਚਾਰੀਆਂ ਦੇ ਬੱਚਿਆਂ ਲਈ। ਇਸ ਵਿਚ ਉਹ ਅਧਿਕਾਰੀ ਵੀ ਸ਼ਾਮਲ ਹੋਣਗੇ ਜੋ ਸੇਵਾ ਦੌਰਾਨ ਸਵਰਗਵਾਸ ਹੋ ਗਏ ਸੀ। | 2% |
| 4. ਖਿਡਾਰੀਆਂ ਲਈ | 2% |
| 5. ਸਰੀਰਕ ਤੌਰ ਤੇ ਅੰਗਹੀਣਾਂ ਲਈ (1% ਨੇਤਰੀਹੀਣ, 1% ਗੂੰਗੇ ਬੋਲੇ, 1% ਸਰੀਰਕ ਤੌਰ ਤੇ ਅੰਗਹੀਣ) | 3% |
| 6. ਮਾਨਤਾ ਪ੍ਰਾਪਤ ਵਿੱਦਿਅਕ ਸੰਸਥਾਵਾਂ ਵਿੱਚ ਕੰਮ ਕਰਦੇ ਅਧਿਆਪਕਾਂ ਦੇ ਬੱਚਿਆਂ ਲਈ। | 2% |
| 7. ਦੰਗਾ ਪੀੜਤ | 2% |
| 8. ਸੁਤੰਤਰਤਾ ਸੰਗਰਾਮੀਆਂ / ਰਾਜਨੀਤਕ ਪੀੜਤਾਂ ਦੇ ਬੱਚਿਆਂ / ਪੋਤੇ ਪੋਤੀਆਂ / ਦੋਹਤੇ ਦੋਹਤੀਆਂ | 2% |
| 9. ਸੁਨਾਮੀ ਪੀੜਤਾਂ ਲਈ | 1% |

### ਵਾਧੂ ਸੀਟਾਂ

| | |
|---|---|
| ੳ) ਇਕਲੌਤੀ ਧੀ ਜਾਂ ਕੇਵਲ ਦੋ ਧੀਆਂ ਵਿੱਚੋਂ ਕਿਸੇ ਇਕ ਲਈ | ਪ੍ਰਤੀ ਯੂਨਿਟ 2 ਸੀਟਾਂ (ਵੱਧ ਤੋਂ ਵੱਧ 4) |
| ਅ) ਥੈਲੇਸੀਮੀਆ/ਕੈਂਸਰ/ਏਡਜ਼ ਪੀੜ੍ਹਤ ਲਈ | 1 ਸੀਟ (ਹਰ ਇੱਕ ਲਈ) |
| ੲ) ਕਸ਼ਮੀਰੀ ਹਿਜਰਤਕਾਰੀ | 2 ਸੀਟਾਂ |
| ਸ) ਪੇਂਡੂ ਖੇਤਰ | 2 ਸੀਟਾਂ |
| ਹ) ਸਰਹੱਦੀ ਖੇਤਰ | 1 ਸੀਟ |
| ਕ) ਯੁਵਕ ਮੇਲੇ ਵਿੱਚੋਂ ਉੱਤਮ ਪੇਸ਼ਕਾਰੀ ਵਾਲੇ ਵਿਦਿਆਰਥੀ ਲਈ | 1 ਸੀਟ |

**ਨੋਟ:** (1) ਸ਼੍ਰੇਣੀ ਦਾ ਰਾਖਵਾਂਕਰਨ ਸਿਰਫ, ਉਹੀ ਵਿਦਿਆਰਥੀ ਲੈ ਸਕਣਗੇ ਜੋ ਆਪਣੇ ਮਾਤਾ ਜਾਂ ਪਿਤਾ ਦਾ ਅਧਿਆਪਕ ਹੋਣ ਦਾ ਪ੍ਰਮਾਣ-ਪੱਤਰ ਸਬੰਧਿਤ ਜ਼ਿਲ੍ਹਾ ਸਿੱਖਿਆ ਅਫਸਰ ਤੋਂ ਪ੍ਰਤੀ-ਹਸਤਾਖਰ ਕਰਵਾਕੇ ਲਿਆਉਣਗੇ। ਜੇਕਰ ਮਾਪਿਆਂ ਵਿੱਚੋਂ ਕੋਈ ਵੀ ਕਾਲਜ ਪ੍ਰਾਧਿਆਪਕ ਹੋਵੇ ਤਾਂ ਇਹ ਪ੍ਰਮਾਣ-ਪੱਤਰ ਸੰਬੰਧਿਤ ਕਾਲਜ ਦੇ ਪ੍ਰਿੰਸੀਪਲ ਤੋਂ ਪ੍ਰਤੀ-ਹਸਤਾਖਰ ਕਰਵਾਉਣਾ ਲਾਜ਼ਮੀ ਹੋਵੇਗਾ। ਸਿੰਗਲ ਗਰਲ ਚਾਈਲਡ ਲਈ ਇਲਾਕਾ ਮੈਜਿਸਟ੍ਰੇਟ ਤੋਂ ਪ੍ਰਮਾਣ ਪੱਤਰ ਲੈਣਾ ਹੋਵੇਗਾ। ਵਾਧੂ ਸੀਟਾਂ ਵਿੱਚ ਸ਼੍ਰੇਣੀ (ਅ) ਲਈ ਸੰਬੰਧਿਤ ਸਰਟੀਫਿਕੇਟ ਸਿਵਿਲ ਸਰਜਨ ਤੋਂ ਜਾਰੀ ਕੀਤਾ ਹੋਣਾ ਚਾਹੀਦਾ ਹੈ।

ਕਿਸੇ ਵੀ ਕਾਲਜ ਵਿੱਚ ਦਾਖ਼ਲਾ ਲੈਣ ਲਈ ਯੋਗ ਖਿਡਾਰੀਆਂ ਲਈ ਰਾਖਵੀਆਂ ਸੀਟਾਂ ਦੀ ਮੈਰਿਟ ਖੇਡਾਂ ਵਿੱਚ ਪ੍ਰਾਪਤੀ ਦੇ ਆਧਾਰ ਤੇ ਨਿਰਧਾਰਿਤ ਕੀਤੀ ਜਾਵੇਗੀ।

2. ਦਾਖ਼ਲੇ ਸੰਬੰਧੀ ਹਰ ਪ੍ਰਕਾਰ ਦੀ ਸੂਚਨਾ ਕੇਵਲ ਨੋਟਿਸ ਬੋਰਡ ਦੇ ਉੱਤੇ ਹੀ ਲਗਾਈ ਜਾਵੇਗੀ।
3. ਦਾਖ਼ਲਾ ਵਿਦਿਆਰਥੀਆਂ ਦੁਆਰਾ ਪਿਛਲੀ ਪਾਸ ਕੀਤੀ ਪ੍ਰੀਖਿਆ ਵਿੱਚੋਂ ਪ੍ਰਾਪਤ ਨੰਬਰਾਂ ਦੇ ਆਧਾਰ ਤੇ ਤਿਆਰ ਕੀਤੀ ਮੈਰਿਟ ਅਨੁਸਾਰ ਹੋਵੇਗਾ।
4. ਬੀ.ਐੱਸ.ਸੀ. (ਨਾਨ ਮੈਡੀਕਲ ਵਿਚ ਦਾਖ਼ਲੇ ਲਈ ਪਿਛਲੀ ਪਾਸ ਕੀਤੀ ਪ੍ਰੀਖਿਆ ਵਿੱਚੋਂ ਘੱਟੋ-ਘੱਟ 40% ਨੰਬਰ ਲੈਣੇ ਜ਼ਰੂਰੀ ਹਨ। ਅਨੁਸੂਚਿਤ ਜਾਤੀਆਂ, ਕਬੀਲਿਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਲਈ ਸਾਇੰਸ ਕਲਾਸਾਂ ਵਿੱਚ ਦਾਖ਼ਲੇ ਲਈ ਯੋਗਤਾ 35% ਨੰਬਰਾਂ ਦੀ ਹੋਵੇਗੀ
5. ਕਾਲਜ ਵਿੱਚ ਦਾਖ਼ਲਾ ਲੈਣ ਲਈ ਵਿਦਿਆਰਥੀਆਂ ਨੂੰ ਆਪਣੀ ਪਿਛਲੀ ਸੰਸਥਾ ਦੇ ਮੁਖੀ ਵੱਲੋਂ ਦਿੱਤਾ ਗਿਆ ਆਚਰਣ ਸਰਟੀਫਿਕੇਟ ਵਿਖਾਉਣਾ ਜ਼ਰੂਰੀ ਹੈ।
।6. ਕਿਸੇ ਹੋਰ ਯੂਨੀਵਰਸਿਟੀ/ ਬੋਰਡ ਤੋਂ ਆਉਣ ਵਾਲੇ ਵਿਦਿਆਰਥੀ ਨੂੰ ਦਾਖ਼ਲੇ ਤੋਂ ਪਹਿਲਾਂ ਮਾਈਗਰੇਸ਼ਨ ਸਰਟੀਫਿਕੇਟ ਦੇਣਾ ਪਵੇਗਾ।
7. ਜੇਕਰ ਕਿਸੇ ਕਲਾਸ ਜਾਂ ਵਿਸ਼ੇ ਵਿੱਚ ਵਿਦਿਆਰਥੀਆਂ ਦੀ ਗਿਣਤੀ 15 ਤੋਂ ਘੱਟ ਰਹਿ ਜਾਵੇ ਤਾਂ ਉਹ ਵਿਸ਼ਾ/ਕਲਾਸ ਚਾਲੂ ਨਹੀਂ ਰੱਖੀ ਜਾਵੇਗੀ।
8. ਦਾਖ਼ਲੇ ਲਈ ਲੋੜੀਂਦੀ ਫੀਸ ਇੰਟਰਵਿਊ ਸਮੇਂ ਜਮ੍ਹਾਂ ਕਰਵਾਉਣੀ ਜ਼ਰੂਰੀ ਹੈ। ਨਿਸ਼ਚਿਤ ਤਾਰੀਖ ਤੇ ਫੀਸ ਨਾ ਭਰਨ ਦੀ ਸੂਰਤ ਵਿੱਚ ਚੁਣੇ ਵਿਦਿਆਰਥੀਆਂ ਦੀ ਮੈਰਿਟ ਲਿਸਟ ਵਿੱਚੋਂ ਅਗਲੇ ਵਿਦਿਆਰਥੀ ਨੂੰ ਦਾਖ਼ਲ ਕੀਤਾ ਜਾਵੇਗਾ।

9. ਅਧੂਰੇ ਫਾਰਮਾਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ ।

10. ਦਾਖ਼ਲਾ ਲੈਣ ਲਈ ਵਿਦਿਆਰਥੀਆਂ ਨੂੰ ਦਾਖ਼ਲਾ ਕਮੇਟੀ ਸਾਹਮਣੇ ਹਾਜ਼ਰ ਹੋਣਾ ਜ਼ਰੂਰੀ ਹੈ, ਲੋੜ ਅਨੁਸਾਰ ਮਾਤਾ-ਪਿਤਾ/ਸਰਪ੍ਰਸਤ ਨੂੰ ਬੁਲਾਇਆ ਜਾ ਸਕਦਾ ਹੈ।

11. ਪੰਜਾਬ ਯੂਨੀਵਰਸਿਟੀ ਦੇ ਨਿਯਮਾਂ ਮੁਤਾਬਿਕ 10+2 ਵਿੱਚੋਂ ਕੰਪਾਰਟਮੈਂਟ ਲੈਣ ਵਾਲੇ ਵਿਦਿਆਰਥੀਆਂ ਨੂੰ ਬੀ.ਏ. ਭਾਗ ਪਹਿਲਾ ਵਿੱਚੋਂ ਆਰਜ਼ੀ ਤੌਰ ਤੇ ਦਾਖ਼ਲਾ ਦਿੱਤਾ ਜਾ ਸਕਦਾ ਹੈ, ਪਰ ਉਸਦੇ ਕੁੱਲ ਪ੍ਰਾਪਤ ਅੰਕ ਸਮੇਤ ਕੰਪਾਰਟਮੈਂਟ ਵਿਸ਼ੇ ਦੇ 33% ਅੰਕ ਬੀ.ਏ. ਭਾਗ ਪਹਿਲਾ ਲਈ ਅਤੇ 40% ਅੰਕ ਬੀ. ਕਾਮ, ਬੀ.ਐਸ.ਸੀ. ਭਾਗ ਪਹਿਲਾ ਲਈ ਲਾਜ਼ਮੀ ਹਨ। ਕੰਪਾਰਟਮੈਂਟ ਵਿਸ਼ੇ ਵਿੱਚੋਂ ਘੱਟੋ-ਘੱਟ ਅੰਕ 20% ਹੋਣੇ ਜ਼ਰੂਰੀ ਹਨ।

12. ਜੇਕਰ ਕਿਸੇ ਵਿਦਿਆਰਥੀਆਂ ਵਿਰੁੱਧ ਪਿਛਲੇ ਸਾਲ ਅਨੁਸ਼ਾਸਨੀ ਕਾਰਵਾਈ ਹੋਈ ਹੈ, ਉਸਨੂੰ ਦਾਖ਼ਲਾ ਨਹੀਂ ਦਿੱਤਾ ਜਾਵੇਗਾ।

13. ਇਹ ਪ੍ਰਾਸਪੈਕਟਸ ਕਾਲਜ ਪ੍ਰਤੀ ਦਾਖਲਾ ਲੈਣ ਵਾਲੇ ਉਮੀਦਵਾਰਾਂ ਦੀ ਜਾਣਕਾਰੀ ਹਿੱਤ ਹੈ। ਇਹ ਕਿਸੇ ਪ੍ਰਕਾਰ ਦਾ ਕੋਈ ਕਾਨੂੰਨੀ ਦਸਤਾਵੇਜ਼ ਨਹੀਂ ਹੈ। ਇਸ ਵਿੱਚ ਦਰਜ ਨਿਯਮਾਂ ਵਿੱਚ ਪ੍ਰਿੰਸੀਪਲ ਸਾਹਬ ਵੱਲੋਂ ਕਿਸੇ ਵੀ ਸਮੇਂ ਕੋਈ ਵੀ ਰੱਦੋ ਬਦਲ ਕੀਤਾ ਜਾ ਸਕਦਾ ਹੈ।

14. ਬਾਹਰਲੇ ਕਾਲਜ ਦੇ ਵਿਦਿਆਰਥੀਆਂ, ਗੈਪ-ਕੇਸ ਅਤੇ ਫੇਲ ਵਿਦਿਆਰਥੀਆਂ ਨੂੰ ਦਾਖ਼ਲਾ ਦੇਣ ਦਾ ਫੈਸਲਾ ਦਾਖ਼ਲਾ ਕਮੇਟੀ ਪ੍ਰਿੰਸੀਪਲ ਦੀ ਸਲਾਹ ਨਾਲ ਕਰੇਗੀ।

15. ਪ੍ਰਿੰਸੀਪਲ ਨੂੰ ਦਾਖ਼ਲੇ ਦੇ ਪੂਰੇ ਅਧਿਕਾਰ ਹਨ । ਉਹ ਕਿਸੇ ਸਮੇਂ ਵੀ, ਕਿਸੇ ਵੀ ਵਿਦਿਆਰਥੀ ਦਾ ਦਾਖਲਾ ਰੱਦ ਕਰਨ ਦਾ ਅਧਿਕਾਰ ਰੱਖਦੇ ਹਨ।

16. ਸਾਰੀਆਂ ਕਲਾਸਾਂ ਦੇ ਦਾਖਲੇ ਆਰਜ਼ੀ ਹੋਣਗੇ। ਜੇਕਰ ਪੰਜਾਬ ਯੂਨੀਵਰਸਿਟੀ ਕਿਸੇ ਸਮੇਂ ਦਾਖ਼ਲੇ ਨੂੰ ਰੱਦ ਕਰ ਦਿੰਦੀ ਹੈ ਤਾਂ ਅਜਿਹੀ ਸੂਰਤ ਵਿੱਚ ਕਾਲਜ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

17. ਸਿੰਗਲ ਗਰਲ ਚਾਈਲਡ ਲਈ ਐਫੀਡੈਵਿਟ ਪ੍ਰਫਾਰਮਾ ਲਾਈਬ੍ਰੇਰੀ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ।

## ਵਿਦਿਆਰਥੀਆਂ ਦੇ ਧਿਆਨ ਯੋਗ ਗੱਲਾਂ

1. ਆਪਣੇ ਨਿੱਜੀ ਹਿੱਤ ਲਈ ਹਰ ਵਿਦਿਆਰਥੀ ਅਤੇ ਉਸਦੇ ਮਾਪੇ/ਸਰਪ੍ਰਸਤ ਸਮੇਂ-ਸਮੇਂ ਤੇ ਸੰਬੰਧਿਤ ਪ੍ਰਾਧਿਆਪਕਾਂ ਤੋਂ ਲੈਕਚਰਾਂ ਦੀ ਗਿਣਤੀ ਪਤਾ ਕਰਦੇ ਰਹਿਣ ।

2. ਵਿਦਿਆਰਥੀ ਦੇ ਮਾਪੇ/ਸਰਪ੍ਰਸਤ ਸੈਸ਼ਨ ਦੌਰਾਨ ਆਪਣੇ ਵਾਰਡ ਦੀ ਅਕਾਦਮਿਕ ਪ੍ਰਗਤੀ ਦੀ ਜਾਣਕਾਰੀ ਲਈ ਕਾਲਜ ਪ੍ਰਸ਼ਾਸਨ ਨਾਲ ਸੰਪਰਕ ਰੱਖਣ ।

3. ਸਿੱਧੇ ਜਾਂ ਅਸਿੱਧੇ ਤੌਰ ਤੇ ਕਿਸੇ ਪ੍ਰਕਾਰ ਦੀ ਅਨੁਸ਼ਾਸਨ ਭੰਗ ਕਰਨ ਵਾਲੀ ਗਤੀਵਿਧੀ ਵਿੱਚ ਭਾਗ ਲੈਣ ਜਾਂ ਅਜਿਹੀ ਗਤੀਵਿਧੀ ਨੂੰ ਸ਼ਹਿ ਦੇਣ ਵਾਲੇ ਵਿਦਿਆਰਥੀ ਨੂੰ ਕਾਲਜ ਵਿੱਚੋਂ ਕੱਢਿਆ ਜਾ ਸਕਦਾ ਹੈ ।

4. ਦਾਖ਼ਲੇ ਸਮੇ ਕਿਸੇ ਕਿਸਮ ਦੀ ਗਲਤ ਬਿਆਨੀ ਸਾਬਿਤ ਹੋਣ ਦੀ ਸੂਰਤ ਵਿੱਚ ਵਿਦਿਆਰਥੀ ਨੂੰ ਕਾਲਜ ਵਿੱਚੋਂ ਕੱਢ ਦਿੱਤਾ ਜਾਵੇਗਾ ਅਤੇ ਉਹ ਆਪਣੇ ਵਿਰੁੱਧ ਕਾਨੂੰਨੀ ਕਾਰਵਾਈ ਦਾ ਭਾਗੀ ਵੀ ਹੋਵੇਗਾ ।

5. ਕਾਲਜ ਸੰਬੰਧੀ ਹਰ ਪ੍ਰਕਾਰ ਦੀਆਂ ਬਣਦੀਆਂ ਫੀਸਾਂ ਦੇ ਭੁਗਤਾਨ ਦੀ ਜ਼ਿੰਮੇਵਾਰੀ ਵਿਦਿਆਰਥੀ ਅਤੇ ਉਸਦੇ ਮਾਪੇ/ਸਰਪ੍ਰਸਤ ਦੀ ਹੋਵੇਗੀ ਸਮੇਂ ਸਿਰ ਭੁਗਤਾਨ ਨਾ ਕਰਨ ਦੀ ਸੂਰਤ ਵਿੱਚ ਵਿਦਿਆਰਥੀ ਦੇ ਨੁਕਸਾਨ ਦੀ ਜ਼ਿੰਮੇਵਾਰੀ ਉਹਨਾਂ ਦੀ ਆਪਣੀ ਹੋਵੇਗੀ ।

6. ਕਾਲਜ ਵਿੱਚ ਦਾਖ਼ਲ ਹੋਣ ਵਾਲੇ ਵਿਦਿਆਰਥੀ ਲਈ ਹਰ ਰੋਜ਼ ਕਾਲਜ ਦਾ ਨੋਟਿਸ ਬੋਰਡ ਪੜ੍ਹਨਾ ਜ਼ਰੂਰੀ ਹੈ ਕਿਉਂ ਕਿ ਕਾਲਜ ਵਿੱਚ ਕੋਈ ਵੀ ਸੂਚਨਾ ਕੇਵਲ ਨੋਟਿਸ ਬੋਰਡ ਉਪਰ ਲਗਾਈ ਜਾਂਦੀ ਹੈ । ਨੋਟਿਸ ਬੋਰਡ ਨਾ ਦੇਖਣ ਦੀ ਸੂਰਤ ਵਿੱਚ ਕਿਸੇ ਜ਼ਰੂਰੀ ਸੂਚਨਾ ਤੋਂ ਵਾਂਝੇ ਰਹਿ ਜਾਣ ਦੀ ਜ਼ਿੰਮੇਵਾਰੀ ਵਿਦਿਆਰਥੀ ਦੀ ਆਪਣੀ ਹੋਵੇਗੀ ।

7. ਕਾਲਜ ਦਾ ਹਰ ਵਿਦਿਆਰਥੀ ਦਫਤਰ ਵੱਲੋਂ ਸਮੇਂ-ਸਮੇਂ ਤੇ ਜਾਰੀ ਆਦੇਸ਼ਾਂ ਦੀ ਪਾਲਣਾ ਕਰੇਗਾ ।

8. ਕਿਸੇ ਵੀ ਵਿਦਿਆਰਥੀ ਨੂੰ ਕਲਾਸ ਰੂਮ / ਕਾਲਜ ਕੈਂਪਸ ਵਿੱਚ ਮੋਬਾਇਲ ਦੀ ਵਰਤੋਂ ਕਰਨ ਤੇ ਪਾਬੰਦੀ ਹੋਵੇਗੀ । ਫੜੇ ਜਾਣ ਦੀ ਸੂਰਤ ਵਿਚ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ ।

## ਵਿਦਿਆਰਥੀਆਂ ਲਈ ਜ਼ਰੂਰੀ ਨਿਯਮ / ਨਿਰਦੇਸ਼

### 1. ਵਿਸ਼ਾ/ਫੈਕਲਟੀ ਬਦਲਣਾ :

B.A. , B.Com. ਅਤੇ B.Sc. ਭਾਗ ਪਹਿਲਾ ਦੇ ਕਿਸੇ ਵੀ ਵਿਦਿਆਰਥੀ ਨੂੰ ਕਲਾਸਾਂ ਸ਼ੁਰੂ ਹੋਣ ਤੋਂ 30 ਦਿਨਾਂ ਦੇ ਅੰਦਰ ਵਿਸ਼ਾ ਬਦਲਣ ਦੀ ਆਗਿਆ ਮਿਲ ਸਕਦੀ ਹੈ। ਅਜਿਹੇ ਬਿਨੈ-ਪੱਤਰ ਉੱਪਰ ਸੰਬੰਧਿਤ ਅਧਿਆਪਕਾਂ ਅਤੇ ਮਾਪਿਆਂ ਦੀ ਸਿਫਾਰਿਸ਼ ਜ਼ਰੂਰੀ ਹੋਵੇਗੀ। ਵਿਸ਼ਾ ਕੇਵਲ ਇੱਕ ਵਾਰ ਬਦਲਿਆ ਜਾ ਸਕਦਾ ਹੈ। ਵਿਸ਼ਾ ਬਦਲਣ ਵਾਲੇ ਵਿਦਿਆਰਥੀ ਨੂੰ ਉਹੀ ਵਿਸ਼ੇ ਦਿੱਤੇ ਜਾਣਗੇ, ਜਿਨ੍ਹਾਂ ਵਿਸ਼ਿਆਂ ਵਿੱਚ ਸੀਟ ਖਾਲੀ ਹੋਵੇਗੀ ਅਤੇ ਜੋ ਕਾਲਜ ਦੁਆਰਾ ਪ੍ਰਵਾਨਿਤ ਵਿਸ਼ਾ-ਸਮੂਹਾਂ ਅਨੁਸਾਰ ਹੋਣਗੇ। ਜੇਕਰ ਕੋਈ ਵਿਦਿਆਰਥੀ ਵਿਸ਼ਾ ਬਦਲਦਾ ਹੈ ਤਾਂ ਉਸਨੂੰ ਛੱਡੇ ਹੋਏ ਵਿਸ਼ੇ ਦੀਆਂ ਹਾਜ਼ਰੀਆਂ ਨਹੀਂ ਮਿਲਣਗੀਆਂ।

### 2. ਕਾਲਜ ਛੱਡਣਾ / ਨਾਮ ਕਟਵਾਉਣਾ :

ਜੋ ਵਿਦਿਆਰਥੀ ਕਾਲਜ ਛੱਡਣਾ ਚਾਹੁਣ ਉਨ੍ਹਾਂ ਨੂੰ ਹੱਥ-ਲਿਖਤ ਬਿਨੈ-ਪੱਤਰ ਦੇਣਾ ਹੋਵੇਗਾ। ਅਜਿਹੇ ਬਿਨੈ-ਪੱਤਰ ਉੱਪਰ ਮਾਪਿਆਂ / ਸਰਪ੍ਰਸਤ ਦੀ ਸਹਿਮਤੀ ਜ਼ਰੂਰੀ ਹੋਵੇਗੀ। ਜਦੋਂ ਤੱਕ ਬਿਨੈ-ਪੱਤਰ ਦੇ ਕੇ ਨਾਮ ਨਹੀਂ ਕਟਵਾਇਆ ਜਾਂਦਾ, ਉਦੋਂ ਤੱਕ ਬਣਦੀਆਂ ਸਾਰੀਆਂ ਫੀਸਾਂ, ਫੰਡ ਅਤੇ ਜੁਰਮਾਨੇ ਆਦਿ ਲਏ ਜਾਣਗੇ।

### ਛੁੱਟੀ ਦੇ ਨਿਯਮ :

ੳ) ਛੁੱਟੀ ਲਈ ਬਿਨੈ-ਪੱਤਰ ਦੇਣਾ ਜ਼ਰੂਰੀ ਹੈ।

ਅ) ਅਜਿਹੇ ਬਿਨੈ-ਪੱਤਰ ਤੇ ਮਾਪਿਆਂ ਦੀ ਸਹਿਮਤੀ ਜ਼ਰੂਰੀ ਹੈ।

ੲ) ਸਾਧਾਰਨ ਹਾਲਤ ਵਿੱਚ ਛੁੱਟੀ ਤੇ ਜਾਣ ਤੋਂ ਪਹਿਲਾਂ ਛੁੱਟੀ ਮਨਜ਼ੂਰ ਕਰਵਾਉਣੀ ਜ਼ਰੂਰੀ ਹੈ।

ਸ) ਪੰਜ ਦਿਨਾਂ ਤੱਕ ਦੀ ਜ਼ਰੂਰੀ ਕੰਮ ਜਾਂ ਬਿਮਾਰੀ ਦੀ ਛੁੱਟੀ ਟਿਊਟਰ ਪਾਸੋਂ ਮਨਜ਼ੂਰ ਕਰਵਾਈ ਜਾ ਸਕਦੀ ਹੈ। 10 ਦਿਨ ਤੱਕ ਦੀ ਛੁੱਟੀ ਟਿਊਟਰ ਦੀ ਸਿਫਾਰਿਸ਼ ਤੇ ਸੀਨੀਅਰ ਟਿਊਟਰ ਪਾਸੋਂ ਮਨਜ਼ੂਰ ਕਰਵਾਈ ਜਾ ਸਕਦੀ ਹੈ। 10 ਦਿਨ ਤੋਂ ਵੱਧ ਦੀ ਛੁੱਟੀ ਸੀਨੀਅਰ ਟਿਊਟਰ ਦੀ ਸਿਫਾਰਸ਼ ਤੇ ਪ੍ਰਿੰਸੀਪਲ ਕੋਲੋਂ ਮਨਜ਼ੂਰ ਕਰਵਾਉਣਾ ਜ਼ਰੂਰੀ ਹੈ।

ਹ) ਬਿਮਾਰੀ ਕਾਰਨ ਇੱਕ ਹਫਤੇ ਤੋਂ ਵੱਧ ਗੈਰਹਾਜ਼ਰ ਰਹਿਣ ਵਾਲੇ ਵਿਦਿਆਰਥੀ ਲਈ ਛੁੱਟੀ ਦੀ ਅਰਜ਼ੀ ਨਾਲ ਯੋਗ ਡਾਕਟਰ ਵੱਲੋਂ ਜਾਰੀ ਮੈਡੀਕਲ ਸਰਟੀਫਿਕੇਟ ਲਗਾਉਣਾ ਜ਼ਰੂਰੀ ਹੈ।

ਕ) ਕਿਸੇ ਵੀ ਕਿਸਮ ਦੀ ਮਨਜ਼ੂਰ ਹੋਈ ਕੋਈ ਛੁੱਟੀ (ਜ਼ਰੂਰੀ ਕੰਮ ਜਾਂ ਬਿਮਾਰੀ ਲਈ) ਹਾਜ਼ਰੀਆਂ ਦੀ ਘਾਟ ਨੂੰ ਪੂਰਾ ਨਹੀਂ ਕਰਦੀ। ਇਸ ਨਾਲ ਕੇਵਲ ਜੁਰਮਾਨੇ ਤੋਂ ਛੋਟ ਮਿਲਦੀ ਹੈ।

### ਕਾਲਜ ਤੋਂ ਗੈਰਹਾਜ਼ਰੀ/ਕਿਸੇ ਕਾਰਨ ਸਸਪੈਂਸ਼ਨ/ਨਾਮ ਕੱਟਣਾ :

ਜੇਕਰ ਕੋਈ ਵਿਦਿਆਰਥੀ ਛੁੱਟੀ ਮਨਜ਼ੂਰ ਕਰਵਾਏ ਬਿਨਾਂ ਲਗਾਤਾਰ 10 ਦਿਨ ਗੈਰਹਾਜ਼ਰ ਰਹਿੰਦਾ ਹੈ ਤਾਂ ਉਸਦਾ ਨਾਮ ਕਾਲਜ ਵਿੱਚੋਂ ਕੱਟ ਦਿੱਤਾ ਜਾਵੇਗਾ। ਅਜਿਹੇ ਵਿਦਿਆਰਥੀ ਨਾਂ ਕੱਟਣ ਦੇ 15 ਦਿਨਾਂ ਦੇ ਅੰਦਰ-ਅੰਦਰ ਪ੍ਰਿੰਸੀਪਲ ਦੀ ਆਗਿਆ ਨਾਲ ਦਾਖ਼ਲੇ ਦੀ ਫੀਸ ਦੇ ਕੇ ਦੁਬਾਰਾ ਦਾਖ਼ਲ ਹੋ ਸਕਦੇ ਹਨ, ਪ੍ਰੰਤੂ ਅਜਿਹੇ ਵਿਦਿਆਰਥੀ ਨੂੰ ਉਸ ਸਮੇਂ (ਜਿਸ ਦੌਰਾਨ ਉਸਦਾ ਨਾਮ ਕੱਟਿਆ ਹੋਇਆ ਸੀ) ਦੀਆਂ ਹਾਜ਼ਰੀਆਂ ਨਹੀਂ ਮਿਲਣਗੀਆਂ। ਅਗਰ ਕੋਈ ਵਿਦਿਆਰਥੀ 15 ਦਿਨਾਂ ਦੇ ਅੰਦਰ-ਅੰਦਰ ਦੁਬਾਰਾ ਨਾਂ ਦਾਖ਼ਲ ਨਹੀਂ ਕਰਵਾਉਂਦਾ ਤਾਂ ਉਸਨੂੰ ਦੁਬਾਰਾ ਦਾਖ਼ਲਾ ਨਹੀਂ ਦਿੱਤਾ ਜਾਵੇਗਾ।

### ਨੋਟ:

1. ਜੋ ਵਿਦਿਆਰਥੀ ਉਪਰੋਕਤ ਸ਼ਰਤਾਂ ਪੂਰੀਆਂ ਨਹੀਂ ਕਰੇਗਾ, ਉਹ ਯੂਨੀਵਰਸਿਟੀ ਦੇ ਸਾਲਾਨਾ ਇਮਤਿਹਾਨ ਵਿੱਚ ਬੈਠਣ ਦਾ ਹੱਕਦਾਰ ਨਹੀਂ ਹੋਵੇਗਾ।

## ਸ਼ਨਾਖਤੀ / ਲਾਇਬ੍ਰੇਰੀ ਕਾਰਡ

ਦਾਖ਼ਲੇ ਸਮੇਂ ਹਰ ਵਿਦਿਆਰਥੀ ਦਾ ਫੋਟੋ ਲੱਗਿਆ ਸ਼ਨਾਖਤੀ ਕਾਰਡ ਬਣਾਇਆ ਜਾਵੇਗਾ। ਕਾਲਜ ਕੈਂਪਸ ਅੰਦਰ ਵਿਦਿਆਰਥੀ ਪਾਸ ਹਰ ਸਮੇਂ ਸ਼ਨਾਖਤੀ ਕਾਰਡ ਦਾ ਹੋਣਾ ਜ਼ਰੂਰੀ ਹੈ। ਅਜਿਹਾ ਨਾ ਹੋਣ ਤੇ ਵਿਦਿਆਰਥੀ ਦੇ ਖਿਲਾਫ਼ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ। ਸ਼ਨਾਖਤੀ ਕਾਰਡ ਗੁੰਮ ਹੋ ਜਾਣ ਦੀ ਸੂਰਤ ਵਿੱਚ ਇਸਦੀ ਰਿਪੋਰਟ ਪੁਲਿਸ ਸਟੇਸ਼ਨ ਵਿੱਚ ਦਰਜ ਕਰਵਾਉਣੀ ਜ਼ਰੂਰੀ ਹੋਵੇਗੀ। ਉਸ ਤੋਂ ਬਾਅਦ ਹੀ ਡੁਪਲੀਕੇਟ ਸ਼ਨਾਖਤੀ ਕਾਰਡ ਜਾਰੀ ਕੀਤਾ ਜਾਵੇਗਾ।

## ਟਿਊਟੋਰੀਅਲ ਗਰੁੱਪ

ਵਿਦਿਆਰਥੀ ਨੂੰ ਸੇਧ ਦੇਣ ਅਤੇ ਸਮੱਸਿਆਵਾਂ ਦੇ ਹੱਲ ਲਈ ਕਾਲਜ ਦੇ ਸਮੂਹ ਵਿਦਿਆਰਥੀਆਂ ਨੂੰ ਟਿਊਟੋਰੀਅਲ ਗਰੁੱਪਾਂ ਵਿੱਚ ਵੰਡਿਆ ਜਾਂਦਾ ਹੈ। ਹਰ ਗਰੁੱਪ ਦਾ ਇੰਚਾਰਜ ਇੱਕ ਅਧਿਆਪਕ (ਟਿਊਟਰ) ਹੁੰਦਾ ਹੈ। ਟਿਊਟੋਰੀਅਲ ਗਰੁੱਪਾਂ ਦੀ ਮੀਟਿੰਗ ਹਰ 15 ਦਿਨਾਂ ਬਾਅਦ ਬੁੱਧਵਾਰ ਵਾਲੇ ਦਿਨ ਹੋਇਆ ਕਰੇਗੀ। ਵਿਦਿਆਰਥੀਆਂ ਦਾ ਇਸ ਵਿੱਚ ਹਾਜ਼ਰ ਹੋਣਾ ਬਹੁਤ ਜ਼ਰੂਰੀ ਹੈ। ਗੈਰਹਾਜ਼ਰ ਹੋਣ ਵਾਲਿਆਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਹੋਵੇਗੀ।

## ਕਾਲਜ ਅਸੈਂਬਲੀ

ਕਾਲਜ ਦੇ ਵਿਦਿਆਰਥੀਆਂ ਦੀ ਅਸੈਂਬਲੀ ਲੋੜ ਅਨੁਸਾਰ ਕੀਤੀ ਜਾਇਆ ਕਰੇਗੀ। ਇਸ ਵਿੱਚ ਕਈ ਮਹੱਤਵਪੂਰਨ ਸੂਚਨਾਵਾਂ/ਗਤੀਵਿਧੀਆਂ ਅਤੇ ਪ੍ਰਾਪਤੀਆਂ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ ਜਾਵੇਗਾ। ਇਸ ਵਿੱਚ ਸਾਰੇ ਵਿਦਿਆਰਥੀਆਂ ਦੀ ਹਾਜ਼ਰੀ ਅਤਿ ਜ਼ਰੂਰੀ ਹੈ। ਇਹ ਗੱਲ ਵਿਦਿਆਰਥੀਆਂ ਅਤੇ ਕਲਾਜ ਦੇ ਹਿੱਤ ਵਿੱਚ ਹੈ ਕਿ ਉਹ ਕਾਲਜ ਕੈਂਪਸ ਵਿੱਚ ਲੱਗੇ ਫੁੱਲ ਬੂਟੇ, ਅਤੇ ਰੁੱਖਾਂ ਨੂੰ ਕਿਸੇ ਤਰ੍ਹਾਂ ਦਾ ਨੁਕਸਾਨ ਨਾ ਪਹੁੰਚਾਉਣ ਅਤੇ ਕਾਲਜ ਦੀ ਇਮਾਰਤ, ਫਰਨੀਚਰ, ਬਿਜਲੀ ਦੀ ਫਿਟਿੰਗ ਅਤੇ ਪੱਖਿਆਂ ਨੂੰ ਕਿਸੇ ਤਰ੍ਹਾਂ ਵੀ ਖਰਾਬ ਨਾ ਕਰਨ। ਕਾਲਜ ਕੈਂਪਸ ਵਿੱਚ ਕਿਸੇ ਕਿਸਮ ਦੇ ਲੜਾਈ ਝਗੜੇ ਤੋਂ ਗੁਰੇਜ਼ ਕਰਨ। ਵਿਦਿਆਰਥੀਆਂ ਨੂੰ ਇਹ ਚਾਹੀਦਾ ਹੈ ਕਿ ਉਹ ਗੈਰ-ਵਿਦਿਆਰਥੀਆਂ ਜਾਂ ਜਾਣਕਾਰ ਨੂੰ ਕਾਲਜ ਮਿਲਣ-ਗਿਲਣ ਦੇ ਬਹਾਨੇ ਆਉਣ ਲਈ ਉਤਸ਼ਾਹਿਤ ਨਾ ਕਰਨ। ਕਾਲਜ ਦੇ ਸਾਇਕਲ ਸ਼ੈੱਡ ਤੋਂ ਬਾਹਰ ਸਾਇਕਲ, ਸਕੂਟਰ ਆਦਿ ਖੜ੍ਹੇ ਕਰਨਾ ਵੀ ਅਨੁਸ਼ਾਸ਼ਨਹੀਣਤਾ ਹੋਵੇਗੀ। ਇਨ੍ਹਾਂ ਸਾਰੀਆਂ ਸ਼ਰਤਾਂ ਦੇ ਸੰਬੰਧ ਵਿੱਚ ਕਿਸੇ ਵੀ ਤਰ੍ਹਾਂ ਦੀ ਕੁਤਾਹੀ ਕਰਨ ਤੇ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ ਅਤੇ ਵਿਦਿਆਰਥੀ ਨੂੰ ਜੁਰਮਾਨਾ ਆਦਿ ਕਰਨ ਤੋਂ ਇਲਾਵਾ ਕਾਲਜ ਵਿੱਚੋਂ ਕੱਢਿਆ ਵੀ ਜਾ ਸਕਦਾ ਹੈ। ਸਕੂਟਰ / ਮੋਟਰਸਾਇਕਲ ਵਿੱਚ ਰੱਖੇ ਕਿਸੇ ਵੀ ਸਮਾਨ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

## PTA ਫੰਡ ਤੋਂ ਛੋਟ

ਲੋੜਵੰਦ ਵਿਦਿਆਰਥੀਆਂ ਦੀ ਫ਼ੀਸ ਹੇਠ ਦਿੱਤੇ ਅਨੁਸਾਰ ਮੁਆਫ ਕੀਤੀ ਜਾ ਸਕਦੀ ਹੈ।

1. **PTA** ਫੰਡ ਤੋਂ ਛੋਟ/ ਮੁਆਫੀ ਦਾ ਫੈਸਲਾ ਪ੍ਰਿੰਸੀਪਲ ਸਾਹਿਬ, ਪੀ.ਟੀ.ਏ. ਕਮੇਟੀ ਅਤੇ ਫੀਸ ਕਨਸੈਸ਼ਨ ਕਮੇਟੀ ਵਲੋਂ ਲੋੜ ਅਨੁਸਾਰ ਕੀਤਾ ਜਾਵੇਗਾ।
2. ਵਿਦਿਆਰਥੀ ਸਹਾਇਤਾ ਫੰਡ ਅਤੇ ਰੈੱਡ ਕ੍ਰਾਸ ਫੰਡ ਵਿਚੋਂ ਗਰੀਬ ਅਤੇ ਲੋੜਵੰਦ ਵਿਦਿਆਰਥੀਆਂ ਨੂੰ ਸਹਾਇਤਾ ਦਿੱਤੀ ਜਾਂਦੀ ਹੈ। ਇਹ ਸਹਾਇਤਾ ਵਿਦਿਆਰਥੀਆਂ ਦੀਆਂ ਪੁਸਤਕਾਂ, ਕੱਪੜੇ, ਦਵਾਈਆਂ ਅਤੇ ਫੀਸਾਂ ਦੇ ਖਰਚੇ ਲਈ ਮਿਲ ਸਕਦੀ ਹੈ।
3. ਪੰਜਾਬ ਸਰਕਾਰ ਦੇ ਨਿਯਮਾਂ ਮੁਤਾਬਕ ਹੀ ਫੀਸ ਮੁਆਫੀ ਦੀ ਸਹੂਲਤ ਦਿੱਤੀ ਜਾਵੇਗੀ।

## ਕਾਲਜ ਲਾਇਬ੍ਰੇਰੀ

ਕਾਲਜ ਲਾਇਬ੍ਰੇਰੀ ਵਿੱਚੋਂ ਕੋਈ ਵਿਦਿਆਰਥੀ ਆਪਣਾ ਸ਼ਨਾਖਤੀ ਕਾਰਡ ਦਿਖਾ ਕੇ 14 ਦਿਨ ਲਈ ਕਿਤਾਬਾਂ ਲੈ ਸਕਦਾ ਹੈ। 14 ਦਿਨ ਤੋਂ ਬਾਅਦ ਕਿਤਾਬਾਂ ਨਾ ਜਮ੍ਹਾਂ ਕਰਵਾਉਣ ਦੀ ਸੂਰਤ ਵਿੱਚ ਨਿਯਮਾਂ ਅਨੁਸਾਰ 25 ਪੈਸੇ ਪ੍ਰਤੀ ਦਿਨ/ਪ੍ਰਤੀ ਪੁਸਤਕ ਜੁਰਮਾਨਾ ਵਸੂਲ ਕੀਤਾ ਜਾਵੇਗਾ। ਕੋਈ ਵੀ ਵਿਦਿਆਰਥੀ ਇਕ ਸਮੇਂ ਸਿਰਫ ਇੱਕ ਹੀ ਕਿਤਾਬ ਲੈ ਸਕਦਾ ਹੈ।

## ਕਾਲਜ ਮੈਗਜ਼ੀਨ ਸਿਲਵੀਆ

ਵਿਦਿਆਰਥੀਆਂ ਵਿੱਚ ਸਾਹਿਤਿੱਕ ਰੁਚੀਆਂ ਪ੍ਰਫੁੱਲਿਤ ਕਰਨ ਲਈ ਕਾਲਜ ਵੱਲੋਂ ਸਾਲਾਨਾ ਮੈਗਜ਼ੀਨ "ਸਿਲਵੀਆ" ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਇਸ ਵਿੱਚ ਵਿਦਿਆਰਥੀਆਂ ਦੀਆਂ ਮੌਲਿਕ ਰਚਨਾਵਾਂ ਛਾਪੀਆਂ ਜਾਂਦੀਆਂ ਹਨ। ਵਿਦਿਆਰਥੀ ਆਪਣੀਆਂ ਰਚਨਾਵਾਂ ਦਸੰਬਰ ਤੱਕ ਮੁੱਖ ਸੰਪਾਦਕ/ਸੰਪਾਦਕ ਨੂੰ ਦੇ ਸਕਦੇ ਹਨ।

## ਖੇਡਾਂ ਸੰਬੰਧੀ

ਕਾਲਜ ਵਿੱਚ ਹਾਕੀ, ਵਾਲੀਬਾਲ, ਬਾਸਕਟਬਾਲ, ਕ੍ਰਿਕਟ, ਟੇਬਲ-ਟੈਨਿਸ, ਕਬੱਡੀ, ਬੈਡਮਿੰਟਨ, ਯੋਗਾ ਅਤੇ ਅਥਲੈਟਿਕਸ ਦਾ ਪ੍ਰਬੰਧ ਹੈ। ਸੈਸ਼ਨ ਦੇ ਅਖੀਰ ਵਿੱਚ ਵਿਦਿਆਰਥੀਆਂ ਦੀ ਸਰੀਰਿਕ ਕੁਸ਼ਲਤਾ ਵੇਖਣ ਲਈ ਖੇਡ ਸਮਾਰੋਹ ਦਾ ਪ੍ਰਬੰਧ ਵੀ ਕੀਤਾ ਜਾਂਦਾ ਹੈ। ਕਾਲਜ ਵਿੱਚ ਇਸ ਸਾਲ ਜਿਮਨੇਜ਼ੀਅਮ ਵੀ ਬਣਾਇਆ ਗਿਆ ਹੈ।

## ਐੱਨ.ਐੱਸ.ਐੱਸ.

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਇਸ ਕਾਲਜ ਵਿੱਚ ਨੈਸ਼ਨਲ ਸਰਵਿਸ ਸਕੀਮ ਦੇ ਅਧੀਨ 100 ਵਿਦਿਆਰਥੀਆਂ ਦੇ ਦੋ ਯੂਨਿਟ ਹਨ, ਜਿਸ ਵਿਚ 65 ਲੜਕੇ ਅਤੇ 35 ਲੜਕੀਆਂ ਹੁੰਦੀਆਂ ਹਨ। ਐੱਨ.ਐੱਸ.ਐੱਸ. ਵੱਲੋਂ ਸਮੇਂ-ਸਮੇਂ ਸਿਰ ਕਿਸੇ ਨਾ ਕਿਸੇ ਪਿੰਡ ਨੂੰ ਅਪਣਾ ਕੇ ਕੈਂਪ ਲਗਾਇਆ ਜਾਂਦਾ ਹੈ। ਵਧੀਆ ਕੰਮ ਕਰਨ ਵਾਲੇ ਵਲੰਟੀਅਰਜ਼ ਨੂੰ ਪ੍ਰਮਾਣ-ਪੱਤਰ ਇਨਾਮ ਅਤੇ ਕਾਲਜ ਕਲਰ ਦਿੱਤੇ ਜਾਂਦੇ ਹਨ। ਸੈਸ਼ਨ ਦੌਰਾਨ ਐੱਨ.ਐੱਸ.ਐੱਸ. ਦੇ ਦੋ ਮੁੱਖ ਵਲੰਟੀਅਰਜ਼ (ਇਕ ਲੜਕਾ ਅਤੇ ਇੱਕ ਲੜਕੀ) ਨੂੰ ਕਾਲਜ ਕਲਰ ਦਿੱਤਾ ਜਾਂਦਾ ਹੈ।

## ਯੁਵਕ ਸੇਵਾਵਾਂ

ਪੰਜਾਬ ਸਰਕਾਰ ਦੇ ਯੁਵਕ ਸੇਵਾਵਾਂ ਵਿਭਾਗ ਵੱਲੋਂ ਕਾਲਜ ਵਿੱਚ ਯੁਵਕ ਸੇਵਾਵਾਂ ਕਲੱਬ ਸਥਾਪਿਤ ਕੀਤਾ ਗਿਆ ਹੈ, ਜਿਸ ਰਾਹੀਂ ਵਿਦਿਆਰਥੀਆਂ ਨੂੰ ਵੱਖ-ਵੱਖ ਕੈਂਪਾਂ/ਗਤੀਵਿਧੀਆਂ ਰਾਹੀਂ ਚੰਗੀ ਸੇਧ ਦੇਣ ਦਾ ਉਪਰਾਲਾ ਕੀਤਾ ਜਾਂਦਾ ਹੈ।

## ਆਈ.ਕਿਉ.ਏ.ਸੀ.

ਪੜ੍ਹਾਈ ਸਬੰਧੀ ਗੁਣਵੱਤਾ ਵਧਾਉਣ ਲਈ NAAC (ਨੈਕ) ਵੱਲੋਂ ਪ੍ਰਾਪਤ ਦਿਸ਼ਾ ਨਿਦੇਸ਼ਾਂ ਅਨੁਸਾਰ ਕਾਲਜ ਵਿੱਚ IQAC ਸੈਲ ਦਾ ਗਠਨ ਕੀਤਾ ਗਿਆ ਹੈ। ਜੋ ਸਮੇਂ ਸਮੇਂ ਸਿਰ ਕਾਲਜ ਵਿੱਚ ਵਿੱਦਿਆ ਨਾਲ ਸਬੰਧਤ ਗੁਣਵੱਤਾ ਵਧਾਉਣ ਲਈ ਆਪਣੀਆਂ ਮੀਟਿੰਗਾਂ ਰਾਹੀਂ ਵਿਸ਼ੇਸ਼ ਉਪਰਾਲੇ ਕਰਦਾ ਹੈ। ਅਤੇ ਵਿੱਦਿਆ ਦੇ ਮਿਆਰ ਨੂੰ ਉਚੱਾ ਚੁੱਕਣ ਲਈ ਤਤਪਰ ਰਹਿੰਦਾ ਹੈ।

## ਰਿਸਰਚ ਕਮੇਟੀ

ਵਿਦਿਆਰਥੀਆਂ ਵਿੱਚ ਅਜੋਕੇ ਸਮੇਂ ਵਿੱਚ ਵਿੱਦਿਆ ਦੇ ਵੱਖੋ-ਵੱਖਰੇ ਖੇਤਰਾਂ ਵਿੱਚ ਹੋਣ ਵਾਲੀਆਂ ਖੋਜਾਂ ਅਤੇ ਨਵੀਨਤਾਵਾਂ ਦੀ ਜਾਣਕਾਰੀ ਉਪਲੱਬਧ ਕਰਵਾਉਣ ਅਤੇ ਉਨਾਂ ਨੂੰ ਖੋਜ ਪ੍ਰਤੀ ਉਤਸ਼ਾਹਤ ਕਰਨ ਦੇ ਲਈ ਇੱਕ ਰਿਸਰਚ ਕਮੇਟੀ ਬਣਾਈ ਗਈ ਹੈ।

## ਈਕੋ ਕਲੱਬ

ਵਾਤਾਵਰਣ ਨੂੰ ਸਾਫ ਸੁਥਰਾ ਰੱਖਣ ਅਤੇ ਪ੍ਰਦੂਸ਼ਣ ਰਹਿਤ ਵਾਤਾਵਰਣ ਆਉਣ ਵਾਲੀਆਂ ਨਸਲਾਂ ਨੂੰ ਮੁਹੱਈਆ ਕਰਵਾਉਣ ਲਈ ਵਿਦਿਆਰਥੀਆਂ ਵਿੱਚ ਜਾਗਰੂਕਤਾ ਪੈਦਾ ਕਰਨ ਹਿੱਤ ਕਾਲਜ ਵਿੱਚ ਈਕੋ ਕਲੱਬ ਬਣਾਇਆ ਗਿਆ ਹੈ। ਇਸ ਕਲੱਬ ਦੁਆਰਾ ਸਮੇਂ ਸਮੇਂ ਸਿਰ ਸੈਮੀਨਾਰ, ਵਰਕਸ਼ਾਪ ਅਤੇ ਪੇਂਡੂ ਖੇਤਰਾਂ ਵਿੱਚ ਵਾਤਾਵਰਣ ਸਬੰਧੀ ਸਰਵੇ ਕਰਕੇ ਵਿਦਿਆਰਥੀਆਂ ਨੂੰ ਵਾਤਾਵਰਣ ਨੂੰ ਪ੍ਰਦੂਸ਼ਣ ਰਹਿਤ ਕਰਨ ਸਬੰਧੀ ਜਾਣਕਾਰੀ ਉਪਲੱਬਧ ਕਰਵਾਈ ਜਾਂਦੀ ਹੈ

## ਹੈਲਥ ਕਲੱਬ

"ਇੱਕ ਸਿਹਤ ਮੰਦ ਸ਼ਰੀਰ ਵਿੱਚ ਹੀ, ਇੱਕ ਸਿਹਤ ਮੰਦ ਦਿਮਾਗ ਹੁੰਦਾ ਹੈ" ਇਸ ਕਥਨ ਨੂੰ ਸੱਚ ਸਾਬਿਤ ਕਰਨ ਲਈ ਸਾਡੇ ਕਾਲਜ ਦੇ ਅਧਿਆਪਕ ਦ੍ਰਿੜ੍ਹ ਇਰਾਦੇ ਨਾਲ ਕਾਲਜ ਦੇ ਵਿਦਿਆਰਥੀਆਂ ਨੂੰ ਹੈਲਥ ਕਲੱਬ ਅਧੀਨ ਅਥਲੈਟਿਕਸ ਅਤੇ ਜਿਮਨਾਸਟਿਕ ਦੀ ਭਰਪੂਰ ਸਿਖਲਾਈ ਦੇ ਰਹੇ ਹਨ।

## ਐਲਿਊਮਿਨੀ ਐਸੋਸੀਏਸ਼ਨ

ਕਾਲਜ ਦੇ ਪੁਰਾਣੇ ਵਿਦਿਆਰਥੀਆਂ ਦੀ ਐਲਿਊਮਿਨੀ ਐਸੋਸੀਏਸ਼ਨ ਦਾ ਗਠਨ ਕੀਤਾ ਗਿਆ ਹੈ, ਜਿਸ ਵਿੱਚ ਕਾਲਜ ਦੇ ਪੁਰਾਣੇ ਵਿਦਿਆਰਥੀ ਸ਼ਾਮਿਲ ਹੋ ਸਕਦੇ ਹਨ। ਕਾਲਜ ਵਿੱਚੋਂ ਪਾਸ ਹੋ ਕੇ ਗਏ ਵਿਦਿਆਰਥੀ ਆਪਣੇ ਆਪ ਨੂੰ ਇਸ ਵਿੱਚ ਰਜਿਸਟਰ ਕਰਵਾ ਸਕਦੇ ਹਨ।

## ਐਂਟੀ ਰੈਗਿੰਗ ਸੈੱਲ

ਕਾਲਜ ਵਿਚ ਰੈਗਿੰਗ ਵਿਰੋਧੀ ਸੈੱਲ ਸਥਾਪਿਤ ਹੈ। ਰੈਗਿੰਗ ਸੰਬੰਧੀ ਕਿਸੇ ਪ੍ਰਕਾਰ ਦੀ ਵੀ ਸ਼ਿਕਾਇਤ ਸੰਬੰਧਤ ਕਮੇਟੀ ਨੂੰ ਕੀਤੀ ਜਾ ਸਕਦੀ ਹੈ। ਕਾਲਜ ਵਿੱਚ ਦਾਖਲ ਹੋਏ ਹਰੇਕ ਵਿਦਿਆਰਥੀ ਨੂੰ ਇਸ ਸਬੰਧੀ ਵੈਬਸਾਇਟ ਤੇ ਹਲਫਨਾਮਾ ਭਰਨਾ ਪਵੇਗਾ ਜੋ ਕਿ ਅਤਿਅੰਤ ਜਰੂਰੀ ਹੈ।

## ਲੀਗਲ ਲਿਟਰੇਸੀ ਸੈੱਲ

ਕਾਲਜ ਵਿੱਚ ਮੌਜੂਦ ਲੀਗਲ ਲਿਟਰੇਸੀ ਸੈੱਲ ਦੁਆਰਾ ਕਾਲਜ ਦੇ ਵਿਦਿਆਰਥੀਆਂ ਨੂੰ ਕਾਨੂੰਨੀ ਤੌਰ ਤੇ ਸਿੱਖਿਅਤ ਕੀਤਾ ਜਾਂਦਾ ਹੈ।

## ਔਰਤ ਸੁਰੱਖਿਆ ਸੈਲੱ

ਕਾਲਜ ਵਿਦਿਆਰਥਣਾਂ / ਇਸਤਰੀ ਕਰਮਚਾਰੀਆਂ/ਅਧਿਕਾਰੀਆਂ ਵਿੱਚੋਂ ਅਸੁਰੱਖਿਆ ਦੀ ਭਾਵਨਾ ਖਤਮ ਕਰਨ ਲਈ ਕਾਲਜ ਵਿੱਚ ਔਰਤ ਸੁਰੱਖਿਆ ਸਮਿਤੀ ਸਥਾਪਤ ਹੈ।

## ਰੋਡ ਸੇਫਟੀ ਸੈਲੱ

- ਆਵਾਜਾਈ ਨਾਲ ਸਬੰਧਤ ਦੁਰਘਟਨਾਵਾਂ ਤੋਂ ਬਚਣ ਲਈ ਸਮੇਂ-ਸਮੇਂ ਸਿਰ ਰੋਡ ਸੇਫਟੀ ਸੈਲੱ ਦੁਆਰਾ ਵਿਦਿਆਰਥੀਆਂ ਦੀ ਜਾਣਕਾਰੀ ਵਧਾਉਣ ਹਿੱਤ ਸੈਮੀਨਾਰ ਅਤੇ ਵਰਕਸ਼ਾਪ ਦਾ ਆਯੋਜਨ ਕੀਤਾ ਜਾਂਦਾ ਹੈ।

## ਸ਼ਿਕਾਇਤ ਨਿਵਾਰਣ ਕਮੇਟੀ

ਕਾਲਜ ਵਿੱਚ ਇੱਕ ਸ਼ਿਕਾਇਤ ਨਿਵਾਰਣ ਕਮੇਟੀ ਵੀ ਗਠਿਤ ਕੀਤੀ ਗਈ ਹੈ। ਕਿਸੇ ਵਿਦਿਆਰਥੀ ਨੂੰ ਕਿਸੇ ਵੀ ਤਰ੍ਹਾਂ ਦੀ ਸਮੱਸਿਆ/ਸ਼ਿਕਾਇਤ ਹੋਣ ਦੀ ਸੂਰਤ ਵਿੱਚ ਉਪਰੋਕਤ ਕਮੇਟੀ ਨੂੰ ਸੰਪਰਕ ਕੀਤਾ ਜਾ ਸਕਦਾ ਹੈ।

## ਕਾਲਜ ਪਲੇਸਮੈਂਟ ਸੈਲੱ :

ਕਾਲਜ ਵਿਚ ਇੱਕ ਪਲੇਸਮੈਂਟ ਸੈਲੱ ਹੈ ਜੋ ਕਈ ਅਜਿਹੇ ਪ੍ਰੋਗਰਾਮ ਕਰਵਾਉਂਦਾ ਹੈ, ਜਿਸ ਨਾਲ ਵਿਦਿਆਰਥੀ ਨੂੰ ਰੋਜ਼ਗਾਰ ਲੱਭਣ ਵਿਚ ਸਹਾਇਤਾ ਮਿਲਦੀ ਹੈ।

## ਸਰਕਾਰ ਵੱਲੋਂ ਸਮੇਂ ਸਮੇਂ ਤੇ ਐਲਾਨ ਕੀਤੇ ਵਜ਼ੀਫੇ ਅਤੇ ਰਿਆਇਤਾਂ

ਵਿਦਿਆਰਥੀਆਂ ਲਈ ਹੇਠ ਲਿਖੇ ਵਜ਼ੀਫੇ ਅਤੇ ਰਿਆਇਤਾਂ ਦਿੱਤੀਆਂ ਜਾਂਦੀਆਂ ਹਨ। ਜਿਨ੍ਹਾਂ ਲਈ ਉਚਿਤ ਫਾਰਮ ਕਾਲਜ ਦਫ਼ਤਰ ਵਿੱਚੋਂ ਲਏ ਜਾ ਸਕਦੇ ਹਨ।

## ਸਿਲੇਬਸ

ਵਿਦਿਆਰਥੀ ਆਪਣੀ ਸਬੰਧਤ ਸ਼੍ਰੇਣੀ ਦਾ ਸਿਲੇਬਸ ਅਤੇ ਹੋਰ ਹਦਾਇਤਾਂ ਪੰਜਾਬ ਯੂਨੀਵਰਸਿਟੀ ਦੀ ਵੈਬਸਾਈਟ **www.puchd.ac.in** ਤੋਂ ਡਾਊਨਲੋਡ ਕਰ ਸਕਦੇ ਹਨ।

# ਸਰਕਾਰੀ ਵਜ਼ੀਫੇ

ਪੰਜਾਬ ਸਰਕਾਰ / ਭਾਰਤ ਸਰਕਾਰ ਦੁਆਰਾ ਵਿਦਿਆਰਥੀਆਂ ਨੂੰ ਦਿੱਤੇ ਜਾਣ ਵਾਲੇ ਵਜ਼ੀਫਿਆਂ ਅਤੇ ਐਜੂਕੇਸ਼ਨ ਲੋਨ ਸਬੰਧੀ ਜਾਣਕਾਰੀ

| ਕੋਰਸ ਦਾ ਨਾਂ | ਵਜ਼ੀਫੇ ਦਾ ਨਾਂ | ਵਜ਼ੀਫੇ ਦੇ ਹੱਕਦਾਰ ਵਿਦਿਆਰਥੀ/ ਯੋਗਤਾ ਅਤੇ ਵਿਸਥਰ ਪੂਰਵਕ ਜਾਣਕਾਰੀ ਲਈ ਸਾਇਦ | ਆਮਦਨ ਸੀਮਾ | ਵਿਦਿਆਰਥੀਆਂ ਵੱਲੋਂ ਫ਼ਾਰਮ ਭਰਨ ਦੀ ਆਖ਼ਰੀ ਮਿਤੀ | ਨੱਥੀ ਕਰਨ ਯੋਗ ਦਸਤਾਵੇਜ਼ |
|---|---|---|---|---|---|
| ਬੀ.ਏ./ਬੀ.ਐਸ.ਸੀ./ ਬੀ.ਕਾਮ ਭਾਗ ਪਹਿਲਾ ਅਤੇ ਉਪੱਰ ਦੇ ਸਾਰੇ ਕੋਰਸ ਉਪੱਰ (ਨਵਾਂ ਦਾਖਲਾ) | ਪੋਸਟ ਮੈਟ੍ਰਿਕ ਸਕਾਲਰਸ਼ਿਪ | ਅਨੁਸੂਚਿਤ ਜਾਤੀ / ਅਨੁਸੂਚਿਤ ਕਬੀਲੇ ਦੇ ਵਿਦਿਆਰਥੀ ਜਿਹੜੇ ਹੋਰ ਕਈ ਵੀ ਸਕਾਲਰਸ਼ਿਪ ਨਹੀਂ ਲੈ ਰਹੇ ।<br>ਵਿਦਿਆਰਥੀ ਕਲਾਸਾਂ ਵਿੱਚ ਲਗਾਤਾਰ ਹਾਜ਼ਰ ਰਹੇ ।<br>ਸਾਇਟ:**www.pdipunjab.org** ਅਤੇ **www.dohepunjab@yahoo.com**<br>www.socialjustice.nic.in/Postmatricscholarship | ਸਾਲਾਨਾ ਆਮਦਨ ਰੁਪਏ **2,50,000** (ਢਾਈ ਲੱਖ) ਤੋਂ ਵੱਧ ਨਾ ਹੋਵੇ | 31 ਅਗਸਤ | * ਅਨੁਸੂਚਿਤ ਜਾਤੀ/ਅਨੁਸੂਚਿਤ ਕਬੀਲੇ ਦਾ ਸਰਟੀਫਿਕੇਟ ਆਮਦਨ ਸਬੰਧੀ ਐਫੀਡੇਵਿਟ<br>* ਪੰਜਾਬ ਰਾਜ ਦਾ ਵਸਨੀਕ ਹੋਣ ਦਾ ਸਰਟੀਫਿਕੇਟ<br>* ਪਿਛਲੀ ਪਾਸ ਕੀਤੀ ਕਲਾਸ ਦਾ ਸਰਟੀਫਿਕੇਟ<br>* ਆਧਾਰ ਕਾਰਡ ਦੀ ਨਕਲ |
| ਉਕੱਤ | ਪੋਸਟ ਮੈਟ੍ਰਿਕ ਸਕਾਲਰਸ਼ਿਪ | ਓ.ਬੀ.ਸੀ. ਦੇ (**Other Backward Class** ਦੇ) ਵਿਦਿਆਰਥੀ ਜਿਹੜੇ ਹੋਰ ਕੋਈ ਵੀ ਸਕਾਲਰਸ਼ਿਪ ਨਹੀਂ ਲੈ ਰਹੇ ।<br>ਵਿਦਿਆਰਥੀ ਕਲਾਸਾਂ ਵਿੱਚ ਲਗਾਤਾਰ ਹਾਜ਼ਰ ਰਹੇ ।<br>ਸਾਇਟ:**www.pdipunjab.org** ਅਤੇ **www.dohepunjab@yahoo.com**<br>www.socialjustice.nic.in/Postmatricscholarship | ਸਾਲਾਨਾ ਆਮਦਨ ਰੁਪਏ **1,00,000** (ਇੱਕ ਲੱਖ) ਤੋਂ ਵੱਧ ਨਾ ਹੋਵੇ | 31 ਅਗਸਤ | * ਓ ਬੀ ਸੀ ਦਾ ਸਰਟੀਫਿਕੇਟ<br>* ਆਮਦਨ ਸਬੰਧੀ ਐਫੀਡੇਵਿਟ<br>* ਪੰਜਾਬ ਰਾਜ ਦਾ ਵਸਨੀਕ ਹੋਣ ਦਾ ਸਰਟੀਫਿਕੇਟ<br>* ਪਿਛਲੀ ਪਾਸ ਕੀਤੀ ਕਲਾਸ ਦਾ ਸਰਟੀਫਿਕੇਟ<br>* ਆਧਾਰ ਕਾਰਡ ਦੀ ਨਕਲ |
| ਉਕੱਤ | ਪੋਸਟ ਮੈਟ੍ਰਿਕ ਸਕਾਲਰਸ਼ਿਪ | ਘੱਟ ਗਿਣਤੀਆਂ (**Miniority Communities**) ਜਿਵੇਂ ਕਿ ਮੁਸਲਿਮ, ਸਿੱਖ ਬੁੱਧ ਅਤੇ ਪਾਰਸੀ ਧਰਮ ਨਾਲ ਸਬੰਧਤ ਵਿਦਿਆਰਥੀ ਜਿਹੜੇ ਹੋਰ ਕੋਈ ਸਕਾਲਰਸ਼ਿਪ ਨਹੀਂ ਲੈ ਰਹੇ ।<br>ਵਿਦਿਆਰਥੀ ਨੇ ਪਿਛਲੀ ਕਲਾਸ ਵਿੱਚ 50% ਅੰਕ ਪ੍ਰਾਪਤ ਕੀਤੇ ਹੋਣ ।<br>ਵਿਦਿਆਰਥੀ ਕਲਾਸਾਂ ਵਿੱਚ ਲਗਾਤਾਰ ਹਾਜ਼ਰ ਰਹੇ ।<br>ਵਿਦਿਆਰਥੀ ਪੰਜਾਬ ਦਾ ਵਸਨੀਕ ਹੋਵੇ ।<br>ਸਾਇਟ:**www.miniorityaffairs.gov.in** **www.dohepunjab@yahoo.com**<br>www.socialjustice.nic.in/Postmatricscholarship | ਸਾਲਾਨਾ ਆਮਦਨ ਰੁਪਏ **2,00,000** (ਦੋ ਲੱਖ) ਤੋਂ ਵੱਧ ਨਾ ਹੋਵੇ | 31 ਅਗਸਤ | * ਮੈਟ੍ਰਿਕ (ਦਸਵੀਂ) ਕਲਾਸ ਪਾਸ ਕਰਨ ਦੇ ਸਰਟੀਫਿਕੇਟ ਦੀ ਕਾਪੀ ।<br>* 10+2 ਕਲਾਸ ਪਾਸ ਕਰਨ ਦੇ ਸਰਟੀਫਿਕੇਟ ਦੀ ਕਾਪੀ ।<br>* ਪਿਛਲੀ ਕਲਾਸ ਪਾਸ ਕਰਨ ਦੇ ਸਰਟੀਫਿਕੇਟ ਦੀ ਕਾਪੀ (ਬੀ.ਏ./ ਬੀ.ਐਸ.ਸੀ./ਬੀ.ਕਾਮ ਦੂਸਰਾ ਅਤੇ ਤੀਸਰਾ)<br>* ਜਾਤੀ ਸਰਟੀਫਿਕੇਟ ਦੀ ਕਾਪੀ ।<br>* ਪੰਜਾਬ ਰਾਜ ਦਾ ਵਸਨੀਕ ਹੋਣ ਦੇ ਸਰਟੀਫਿਕੇਟ ਦੀ ਕਾਪੀ ।<br>* ਸਬੰਧਤ ਵਿਦਿਆਰਥੀ ਦੇ ਆਨ-ਲਾਈਨ/ਚਾਲੂ ਹਾਲਤ ਬੈਂਕ ਖਾਤਾ ਨੰਬਰ ਦੀ ਕਾਪੀ, ਜਿਸ ਤੇ ਬੈਂਕ ਦਾ ਨਾਮ/ਪਤਾ ਪੜਨ ਯੋਗ ਹੋਵੇ ।<br>* ਸਬੰਧਤ ਬੈਂਕ ਦਾ ਿੲਫਸ਼ਫ ਕੋਡ ।<br>* ਮਾਤਾ/ਪਿਤਾ/ਸਰਪ੍ਰਸਤ ਦੀ ਸਾਲਾਨਾ ਆਮਦਨ ਸਬੰਧੀ ਹਲਫੀਆ ਬਿਆਨ ਫਸਟ ਕਲਾਸ ਮੈਜਿਸਟਰੇਟ ਤੋਂ ਤਸਦੀਕ ਸ਼ੁਦਾ ।<br>* ਆਧਾਰ ਕਾਰਡ ਦੀ ਨਕਲ |

**ਨੋਟ: ਇੱਕ ਵਿਦਿਆਰਥੀ ਇੱਕ ਸੈਸ਼ਨ ਦੌਰਾਨ ਕੇਵਲ ਇੱਕ ਵਜ਼ੀਫੇ ਦਾ ਹੀ ਹੱਕਦਾਰ ਹੋਵੇਗਾ।**

**ਵਜ਼ੀਫੇ ਦੀ ਆਮਦਨ ਸਬੰਧੀ ਘੋਸ਼ਣਾ :**

ਸਵੈ ਰੁਜ਼ਗਾਰ ਕਰਨ ਵਾਲੇ ਮਾਤਾ-ਪਿਤਾ ਸਾਰੇ ਵਸੀਲਿਆਂ ਤੋਂ ਆਪਣੀ ਆਮਦਨ ਦੀ ਘੋਸ਼ਣਾ ਸਬੰਧੀ ਸਰਟੀਫਿਕੇਟ ਜੁਡੀਸ਼ੀਅਲ ਸਟੈਂਪ ਪੇਪਰ ਤੇ ਦੇਣਗੇ। ਜਦੋਂ ਕਿ ਨੌਕਰੀ ਪੇਸ਼ਾ ਮਾਤਾ-ਪਿਤਾ ਆਪਣੀ ਆਮਦਨ ਸਬੰਧੀ ਸਰਟੀਫਿਕੇਟ ਆਪਣੇ ਨੌਕਰੀ ਕਰਨ ਵਾਲੇ ਸਥਾਨ ਤੋਂ ਪ੍ਰਾਪਤ ਕਰਨਗੇ ਅਤੇ ਕਿਸੇ ਵਾਧੂ ਆਮਦਨ ਸਬੰਧੀ ਸਰਟੀਫਿਕੇਟ ਨਾਨ-ਜੁਡੀਸ਼ੀਅਲ ਸਟੈਂਪ ਪੇਪਰ ਤੇ ਦੇਣਗੇ।

ਨੋਟ :- ਦਾਖਲਾ ਫਾਰਮ ਤੇ ਆਮਦਨ ਭਰਨ ਵੇਲੇ ਧਿਆਨ ਰੱਖਿਆ ਜਾਵੇ ਕਿ ਜੋ ਆਮਦਨ ਹਲਫੀਆ ਬਿਆਨ ਵਿੱਚ ਲਿਖੀ ਗਈ ਹੈ, ਓਨੀ ਹੀ ਦਾਖਲਾ ਫਾਰਮ ਵਿੱਚ ਭਰੀ ਜਾਵੇ। ਸਕਾਲਰਸ਼ਿਪ ਸੰਬੰਧਤੀ ਮੁਕੰਮਲ ਜਾਣਕਾਰੀ (www.dpipunjab.org) ਦੇ ਸਕਾਲਰਸ਼ਿਪ ਫੋਲਡਰ ਵਿੱਚੋਂ ਲਈ ਜਾ ਸਕਦੀ ਹੈ।

ਘੱਟ ਗਿਣਤੀਆਂ **(Miniority Communities)** ਦੇ ਵਿਦਿਆਰਥੀਆਂ ਨੂੰ ਵਜ਼ੀਫਿਆਂ ਦੀ ਅਦਾਇਗੀ ਸਰਕਾਰ ਵੱਲੋਂ ਕੇਵਲ ਉਹਨ੍ਹਾਂ ਦੇ ਆਨਲਾਈਨ ਬੈਂਕ ਖਾਤਿਆਂ ਵਿੱਚ ਕੀਤੀ ਜਾਣੀ ਹੈ, ਇਸ ਲਈ ਉਹਨਾਂ ਦਾ ਬੈਂਕ ਖਾਤਾ ਚਾਲੂ ਹਾਲਤ ਵਿੱਚ ਹੋਵੇ ਅਤੇ ਖਾਤੇ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਸੂਚਨਾ ਗਲਤ ਹੋਣ ਕਰਕੇ ਅਦਾਇਗੀ ਨਾ ਹੋਣ ਦੀ ਸੂਰਤ ਵਿੱਚ ਪੂਰੀ ਜ਼ਿੰਮੇਵਾਰੀ ਵਿਦਿਆਰਥੀ ਦੀ ਹੋਵੇਗੀ। ਵਜ਼ੀਫਾ ਫਾਰਮ ਦਾਖ਼ਲੇ ਸਮੇਂ ਹੀ ਭਰਵਾਏ ਜਾਣਗੇ ਅਤੇ ਲੋੜੀਂਦੇ ਦਸਤਾਵੇਜ਼ ਵੀ ਉਸੇ ਸਮੇਂ ਲਏ ਜਾਣਗੇ।

ਨੋਟ: ਇੱਕ ਵਿਦਿਆਰਥੀ ਇੱਕ ਸੈਸ਼ਨ ਦੌਰਾਨ ਕੇਵਲ ਇੱਕ ਵਜ਼ੀਫੇ ਦਾ ਹੀ ਹੱਕਦਾਰ ਹੋਵੇਗਾ।

## ਯੂਨੀਵਰਸਿਟੀ ਮੈਰਿਟ ਵਜ਼ੀਫੇ/ਅਵਾਰਡ/ਇਨਾਮ

ਯੂਨੀਵਰਸਿਟੀ ਪ੍ਰੀਖਿਆ ਵਿੱਚੋਂ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਨਿਯਮਾਂ ਅਨੁਸਾਰ ਵਜ਼ੀਫੇ ਮਿਲਦੇ ਹਨ।

ਇਸ ਤੋਂ ਬਿਨਾਂ ਹੋਣਹਾਰ ਵਿਦਿਆਰਥੀਆਂ ਲਈ ਨਿਮਨ ਲਿਖਤ ਵਜ਼ੀਫਿਆਂ ਦੀ ਵੀ ਸਹੂਲਤ ਹੈ :

1) **ਚੋਪੜਾ ਸਕਾਰਲਸ਼ਿਪ ਅਤੇ ਪ੍ਰਾਈਜ਼** (2001 ਤੋਂ):ੳ) ਚੋਪੜਾ ਸਕਾਲਰਸ਼ਿਪ-ਆਰਥਿਕ ਤੌਰ ਤੇ ਕਮਜ਼ੋਰ ਪਰ ਹੁਸ਼ਿਆਰ 2 (ਦੋ) ਵਿਦਿਆਰਥੀਆਂ ਨੂੰ ਚੋਪੜਾ ਸਕਾਲਰਸ਼ਿੱਪ ਦਿੱਤਾ ਜਾਂਦਾ ਹੈ।

ਅ) ਚੋਪੜਾ ਪ੍ਰਾਇਜ਼ - ਬੀ.ਐੱਸ.ਸੀ.-1, 2 ਅਤੇ 3 ਪੰਜਾਬ ਯੂਨੀਵਰਸਿਟੀ ਸਾਲਾਨਾ ਪ੍ਰੀਖਿਆ ਵਿੱਚ ਕਾਲਜ ਵਿੱਚੋਂ ਫਸਟ ਰਹਿਣ ਵਾਲੇ ਵਿਦਿਆਰਥੀ ਨੂੰ ਵਿਸ਼ੇਸ਼ ਇਨਾਮ ਦਿੱਤਾ ਜਾਂਦਾ ਹੈ।

2) **ਮਾਸਟਰ ਨਾਮਦੇਵ ਸਿੰਘ ਰਾਮਗੜ੍ਹ ਸਰਦਾਰਾਂ ਮੈਮੋਰੀਅਲ ਜੌਗਰਾਫੀਕਲ ਅਵਾਰਡਜ਼** (2004 ਤੋਂ) : ਪੰਜਾਬ ਯੂਨੀਵਰਸਿਟੀ ਦੀਆਂ ਸਾਰੀਆਂ ਕਲਾਸਾਂ ਵਿੱਚ ਜੌਗਰਾਫੀ ਦੇ ਵਿਸ਼ੇ ਵਿੱਚੋਂ ਕਾਲਜ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਉਹਨਾਂ ਵਿਦਿਆਰਥੀਆਂ, ਜਿਨ੍ਹਾਂ ਦੇ ਅੰਕ 60% ਜਾਂ ਇਸ ਤੋਂ ਵੱਧ ਹੋਣ, ਨੂੰ ਇਹ ਇਨਾਮ ਦਿੱਤੇ ਜਾਣਗੇ।

3) **ਪ੍ਰੋ. ਪੰਧੇਰ ਸਾਇੰਸ ਅਵਾਰਡਜ਼** (2008 ਤੋਂ) ਇਹ ਅਵਾਰਡ ਉਹਨਾਂ ਵਿਦਿਆਰਥੀਆਂ ਨੂੰ ਦਿੱਤਾ ਜਾਂਦਾ ਹੈ ਜਿਹੜੇ ਸਾਇੰਸ ਵਿਸ਼ਿਆਂ ਵਿੱਚੋ ਯੂਨੀਵਰਸਿਟੀ ਇਮਤਿਹਾਨਾਂ ਵਿੱਚ ਕਾਲਜ ਵਿੱਚੋਂ 1st ਕਲਾਸ ਵਿੱਚ ਪਹਿਲੇ ਸਥਾਨ ਤੇ ਆਉਂਦੇ ਹਨ।

## ਇਨਾਮ

ਯੂਨੀਵਰਸਿਟੀ ਪ੍ਰੀਖਿਆਵਾਂ ਵਿੱਚ ਹਰ ਵਿਸ਼ੇ ਵਿੱਚੋਂ ਅਤੇ ਕਲਾਸ ਵਿੱਚੋਂ ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਹੇਠ ਲਿਖੇ ਅਨੁਸਾਰ ਕਾਲਜ ਦੇ ਸਾਲਾਨਾ ਇਨਾਮ ਵੰਡ ਸਮਾਗਮ ਵਿੱਚ ਮੈਰਿਟ ਸਰਟੀਫਿਕੇਟ ਇਨਾਮ/ਸਨਮਾਨ ਦਿੱਤੇ ਜਾਂਦੇ ਹਨ।
(ਘੱਟੋ-ਘੱਟ 50% ਅੰਕ ਹਾਸਲ ਕਰਨ ਵਾਲਾ ਵਿਦਿਆਰਥੀ)

### 1. ਵਿੱਦਿਅਕ/ਅਕਾਦਮਿਕ ਖੇਤਰ :

ੳ) ਰੋਲ ਆਫ਼ ਆਨਰ : ਕਾਲਜ ਦੀ ਕਿਸੇ ਵੀ ਫੈਕਲਟੀ ਵਿੱਚੋਂ ਪੰਜਾਬ ਯੂਨੀਵਰਸਿਟੀ ਦੀ ਮੈਰਿਟ ਲਿਸਟ ਵਿੱਚ ਆਉਣ ਵਾਲੇ ਵਿਦਿਆਰਥੀਆਂ ਨੂੰ ਰੋਲ ਆਫ਼ ਆਨਰ ਦਿੱਤਾ ਜਾਵੇਗਾ।

**ਅ) ਕਾਲਜ ਕਲਰ :** ਬੀ.ਏ/ਬੀ.ਐੱਸ.ਸੀ. ਅਤੇ ਬੀ.ਕਾਮ. ਦੀ ਕਿਸੇ ਵੀ ਸ਼੍ਰੇਣੀ ਵਿੱਚੋਂ 65% ਜਾਂ ਇਸ ਤੋਂ ਉੱਪਰ ਅੰਕ ਲੈ ਕੇ ਕਾਲਜ ਵਿੱਚੋਂ ਪਹਿਲੇ ਸਥਾਨ ਤੇ ਆਉਣ ਵਾਲੇ ਵਿਦਿਆਰਥੀ ਨੂੰ ਕਾਲਜ ਕਲਰ ਦਿੱਤਾ ਜਾਵੇਗਾ।

ਨੋਟ : ਰੋਲ ਆਫ਼ ਆਨਰ ਲੈਣ ਵਾਲੇ ਵਿਦਿਆਰਥੀ ਦੀ ਕਿਸੇ ਹੋਰ ਪ੍ਰਾਪਤੀ ਕਾਰਨ ਜੇਕਰ ਕਾਲਜ ਕਲਰ ਦੀ ਯੋਗਤਾ ਵੱਖਰੀ ਬਣਦੀ ਹੋਵੇ ਤਾਂ ਉਸ ਵਿਦਿਆਰਥੀ ਨੂੰ ਰੋਲ ਆਫ਼ ਆਨਰ ਦੇ ਨਾਲ-ਨਾਲ ਕਾਲਜ ਕਲਰ ਵੀ ਦਿੱਤਾ ਜਾ ਸਕਦਾ ਹੈ।

## 2. ਸਮਾਜਿਕ ਅਤੇ ਸੱਭਿਆਚਾਰਕ ਗਤੀਵਿਧੀਆਂ :

ੳ) ਰੋਲ ਆਫ਼ ਆਨਰ :

1) ਸਮਾਜਿਕ ਅਤੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਰੋਲ ਆਫ ਆਨਰ ਉਨ੍ਹਾਂ ਵਿਦਿਆਰਥੀਆਂ ਨੂੰ ਦਿੱਤਾ ਜਾਵੇਗਾ, ਜਿਨ੍ਹਾਂ ਨੇ ਯੂਨੀਵਰਸਿਟੀ/ਖੇਤਰ/ਰਾਜ/ਰਾਸ਼ਟਰ-ਪੱਧਰ ਦੇ ਮੁਕਾਬਲਿਆਂ ਵਿੱਚ ਵਿਅਕਤੀਗਤ ਆਈਟਮਾਂ ਵਿੱਚ ਪਹਿਲਾ ਜਾਂ ਦੂਜਾ ਸਥਾਨ ਪ੍ਰਾਪਤ ਕੀਤਾ ਹੋਵੇ ਜਾਂ ਅੰਤਰ-ਕਾਲਜ ਮੁਕਾਬਲਿਆਂ ਵਿੱਚ ਜਾਂ ਯੂਨੀਵਰਸਿਟੀ ਦੇ ਜ਼ੋਨਲ ਯੂਥ ਫੈਸਟੀਵਲ ਵਿੱਚ ਘੱਟੋ-ਘੱਟ 25 ਅੰਕ ਹਾਸਿਲ ਕੀਤੇ ਹੋਣ । ਇਹ ਅੰਕ ਪਹਿਲੇ ਸਥਾਨ ਲਈ 5, ਦੂਜੇ ਲਈ 3 ਅਤੇ ਤੀਜੇ ਲਈ 2 ਅੰਕਾਂ ਵਜੋਂ ਜੋੜੇ ਜਾਣਗੇ । ਇਹ ਅੰਕ ਇੱਕ ਸਾਲ (ਸੈਸ਼ਨ) ਦੇ ਹੀ ਗਿਣੇ ਜਾਣਗੇ ।

2) ਜੇਕਰ ਕੋਈ ਟੀਮ ਅੰਤਰ ਯੂਨੀਵਰਸਿਟੀ ਮੁਕਾਬਲੇ/ਸਰਵ-ਭਾਰਤੀ ਮੁਕਾਬਲੇ ਵਿੱਚੋਂ ਪਹਿਲੇ ਸਥਾਨ ਤੇ ਆਉਂਦੀ ਹੈ ਤਾਂ ਉਸ ਟੀਮ ਦੇ ਸਾਰੇ ਮੈਂਬਰਾਂ ਨੂੰ ਰੋਲ ਆਫ਼ ਆਨਰ ਦਿੱਤਾ ਜਾਵੇਗਾ ।

ਕਾਲਜ ਕਲਰ :

1. ਯੂਨੀਵਰਸਿਟੀ ਪੱਧਰ ਦੇ ਮੁਕਾਬਲਿਆਂ ਵਿੱਚੋਂ ਪਹਿਲੇ ਜਾਂ ਦੂਜੇ ਸਥਾਨ ਤੇ ਆਉਣ ਵਾਲੇ ਵਿਦਿਆਰਥੀ ਨੂੰ ਕਾਲਜ ਕਲਰ ਦਿੱਤਾ ਜਾਵੇਗਾ । ਤੀਸਰੇ ਸਥਾਨ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ 10 ਅੰਕ ਦਿੱਤੇ ਜਾਣਗੇ ।

2. ਕਿਸੇ ਵੀ ਅੰਤਰ ਕਾਲਜ ਗਤੀਵਿਧੀ ਵਿੱਚ 15 ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ਕਾਲਜ ਕਲਰ ਦਿੱਤਾ ਜਾਵੇਗਾ । ਅੰਕਾਂ ਦਾ ਅਧਾਰ ਇਸ ਤਰ੍ਹਾਂ ਹੋਵੇਗਾ :

ੳ) ਯੂਨੀਵਰਸਿਟੀ ਜ਼ੋਨਲ ਮੁਕਾਬਲੇ ਜਾਂ ਕਿਸੇ ਕਾਲਜ ਵੱਲੋਂ ਕਰਵਾਈ ਗਈ ਪ੍ਰਤੀਯੋਗਿਤਾ ਵਿੱਚੋਂ ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਆਉਣ ਵਾਲੇ ਵਿਦਿਆਰਥੀ ਨੂੰ ਕ੍ਰਮਵਾਰ 5, 3 ਅਤੇ 2 ਅੰਕ ਦਿੱਤੇ ਜਾਣਗੇ ।

ਅ) ਕਿਸੇ ਵੀ ਟੀਮ ਵਿੱਚ ਭਾਗ ਲੈਣ ਵਾਲੇ ਵਿਦਿਆਰਥੀ ਨੂੰ ਵੀ ਟੀਮ ਦੀ ਉਪਰੋਕਤ ਪੁਜ਼ੀਸ਼ਨ ਦੇ ਆਧਾਰ ਤੇ ਅੰਕ ਦਿੱਤੇ ਜਾਣਗੇ ।

3. **ਕਿਸੇ ਟੀਮ ਦੇ ਮੈਂਬਰ ਨੂੰ ਹੇਠ ਲਿਖੇ ਅਨੁਸਾਰ ਕਾਲਜ ਕਲਰ ਦਿੱਤੇ ਜਾਣਗੇ :**

ੳ) ਜ਼ੋਨਲ ਮੁਕਾਬਲਿਆਂ ਵਿੱਚੋਂ ਦੂਜਾ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਦੇ 25% ਮੈਂਬਰ ਨੂੰ ਜਾਂ ਘੱਟੋ ਘੱਟ ਇੱਕ ਕਾਲਜ ਕਲਰ ।

ਅ) ਜ਼ੋਨਲ ਮੁਕਾਬਲਿਆਂ ਵਿੱਚੋਂ ਪਹਿਲਾ ਸਥਾਨ ਹਾਸਲ ਕਰਨ ਵਾਲੀ ਟੀਮ ਦੇ 50% ਮੈਂਬਰਾਂ ਨੂੰ ।

ੲ) ਯੂਨੀ: ਮੁਕਾਬਲਿਆਂ ਵਿੱਚੋਂ ਦੂਜਾ ਸਥਾਨ ਹਾਸਲ ਕਰਨ ਵਾਲੀ ਟੀਮ ਦੇ 75% ਮੈਂਬਰਾਂ ਨੂੰ।

ਸ) ਯੂਨੀ: ਮੁਕਾਬਲਿਆਂ ਵਿੱਚੋਂ ਪਹਿਲੇ ਸਥਾਨ ਤੇ ਆਉਣ ਵਾਲੀ ਟੀਮ ਦੇ 100% ਮੈਂਬਰਾਂ ਨੂੰ।

## 3. ਖੇਡਾਂ ਅਤੇ ਐਥਲੈਟਿਕਸ

**ੳ) ਰੋਲ ਆਫ਼ ਆਨਰ :** ਖੇਡਾਂ ਦੇ ਖੇਤਰ ਵਿੱਚ ਹੇਠ ਲਿਖੇ ਵਰਗਾਂ ਦੇ ਖਿਡਾਰੀਆਂ ਨੂੰ ਰੋਲ ਆਫ਼ ਆਨਰ ਪ੍ਰਦਾਨ ਕੀਤਾ ਜਾਵੇਗਾ ।

1) ਸੀਨੀਅਰ/ਸਰਵ ਭਾਰਤੀ/ਅੰਤਰ-ਯੂਨੀਵਰਸਿਟੀ ਚੈਂਪੀਅਨਸ਼ਿਪ ਵਿੱਚ ਪਹਿਲੇ ਅਤੇ ਦੂਸਰੇ ਨੰਬਰ ਤੇ ਆਉਣ ਵਾਲੀ ਟੀਮ ਦੇ ਮੈਂਬਰ ਅਤੇ ਇਸ ਪੱਧਰ ਦੇ ਵਿਅਕਤੀਗਤ ਮੁਕਾਬਲਿਆਂ ਵਿੱਚੋਂ ਪਹਿਲੇ, ਦੂਜੇ ਅਤੇ ਤੀਸਰੇ ਸਥਾਨ ਤੇ ਆਉਣ ਵਾਲੇ ਖਿਡਾਰੀ ਨੂੰ ।

2) ਜੂਨੀਅਰ ਰਾਸ਼ਟਰੀ ਚੈਂਪੀਅਨਸ਼ਿਪ ਵਿੱਚ ਜੇਤੂ ਟੀਮ ਦੇ ਮੈਂਬਰ ਨੂੰ ਅਤੇ ਇਸੇ ਪੱਧਰ ਦੇ ਵਿਅਕਤੀਗਤ ਮੁਕਾਬਲਿਆਂ ਵਿੱਚੋਂ ਪਹਿਲੇ ਅਤੇ ਦੂਸਰੇ ਸਥਾਨ ਤੇ ਆਉਣ ਵਾਲੇ ਖਿਡਾਰੀ ਨੂੰ ।

3) ਕੰਬਾਈਂਡ ਯੂਨੀਵਰਸਿਟੀ/ਰਾਸ਼ਟਰੀ ਟੀਮ ਦੇ ਮੈਂਬਰਾਂ ਨੂੰ।

4) ਯੂਨੀਵਰਸਿਟੀ ਟੀਮ ਦੀ ਕਪਤਾਨੀ ਕਰਨ ਵਾਲੇ ਵਿਦਿਆਰਥੀ ਨੂੰ।

ਅ) ਕਾਲਜ ਕਲਰ

1) ਜੇਕਰ ਕਾਲਜ ਦੀ ਟੀਮ ਕਿਸੇ ਖੇਡ ਵਿੱਚ ਯੂਨੀਵਰਸਿਟੀ ਚੈਂਪੀਅਨਸ਼ਿਪ ਜਿੱਤਦੀ ਹੈ, ਤਾਂ ਉਸਦੇ ਸਾਰੇ ਮੈਂਬਰਾਂ ਨੂੰ ਕਾਲਜ ਕਲਰ ਦਿੱਤੇ ਜਾਣਗੇ ਅਤੇ ਜੇਕਰ ਕਾਲਜ ਦੀ ਟੀਮ ਯੂਨੀਵਰਸਿਟੀ ਵਿੱਚ ਦੂਜੇ ਸਥਾਨ ਤੇ ਰਹਿੰਦੀ ਹੈ ਤਾਂ ਉਸਦੇ ਅੱਧੇ ਮੈਂਬਰਾਂ ਨੂੰ ਕਾਲਜ ਕਲਰ ਦਿੱਤੇ ਜਾਣਗੇ ।

2) ਕਾਲਜ ਦੇ ਸਰਵੋਤਮ ਅਥਲੀਟ (ਲੜਕਾ ਅਤੇ ਲੜਕੀ) ਨੂੰ ਕਾਲਜ ਕਲਰ ਦਿੱਤਾ ਜਾਵੇਗਾ ।

3) ਯੂਨੀਵਰਸਿਟੀ (ਵਿਅਕਤੀਗਤ) ਮੁਕਾਬਲਿਆਂ ਵਿੱਚ ਪਹਿਲਾ ਅਤੇ ਦੂਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ਕਾਲਜ ਕਲਰ ਦਿੱਤਾ ਜਾਵੇਗਾ ਅਤੇ ਤੀਸਰਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ 10 ਅੰਕ ਦਿੱਤੇ ਜਾਣਗੇ ।

ੲ) ਮੈਰਿਟ ਸਰਟੀਫਿਕੇਟ

ਯੂਨੀਵਰਸਿਟੀ ਜਾਂ ਰਾਜ ਪੱਧਰ ਦੇ ਮੁਕਾਬਲਿਆਂ ਵਿੱਚ ਤੀਸਰਾ ਅਤੇ ਚੌਥਾ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਵਿੱਚ ਭਾਗ ਲੈਣ ਵਾਲੇ ਖਿਡਾਰੀਆਂ ਅਤੇ ਵਿਅਕਤੀਗਤ ਪੱਧਰ ਦੇ ਮੁਕਾਬਲਿਆਂ ਵਿੱਚ ਯੂਨੀਵਰਸਿਟੀ ਵਿੱਚੋਂ ਜਾਂ ਰਾਜ ਵਿੱਚੋਂ ਤੀਸਰਾ ਸਥਾਨ ਪ੍ਰਾਪਤ ਕਰਨ ਵਾਲੇ ਖਿਡਾਰੀਆਂ ਨੂੰ ਮੈਰਿਟ ਸਰਟੀਫਿਕੇਟ ਦਿੱਤਾ ਜਾਵੇਗਾ ।

**ਨੋਟ:** ਰੋਲ ਆਫ ਆਨਰ, ਕਾਲਜ ਕਲਰ ਅਤੇ ਮੈਰਿਟ ਸਰਟੀਫਿਕੇਟ ਕੇਵਲ ਉਨ੍ਹਾਂ ਵਿਦਿਆਰਥੀਆਂ ਨੂੰ ਦਿੱਤੇ ਜਾਣਗੇ, ਜਿਨ੍ਹਾਂ ਦਾ ਵਿਓਹਾਰ ਤਸੱਲੀਬਖਸ਼ ਹੋਵੇ ਅਤੇ ਜਿਨ੍ਹਾਂ ਖਿਲਾਫ ਅਨੁਸ਼ਾਸਨ ਹੀਣਤਾ ਦੇ ਆਧਾਰ ਤੇ ਕੋਈ ਕਾਰਵਾਈ ਨਾ ਹੋਈ ਹੋਵੇ ।

Annexure 'B'

PANJAB UNIVERSITY, CHANDIGARH

Academic Calendar for the session 2023-24 for the Panjab University Affiliated Colleges with Under Graduate & Post Graduate Coursess having Semester System of examination will be shared soon...

ਰੈਗਿੰਗ ਗੈਰ ਕਾਨੂੰਨੀ ਹੈ । ਜੇਕਰ ਰੈਗਿੰਗ ਦਾ ਕੋਈ ਮਾਮਲਾ ਪ੍ਰਿੰਸੀਪਲ ਦੇ ਧਿਆਨ ਵਿੱਚ ਆਉਂਦਾ ਹੈ ਤਾਂ ਸੰਬੰਧਤ ਵਿਦਿਆਰਥੀ ਤੋਂ ਸਪੱਸ਼ਟੀਕਰਨ ਮੰਗਿਆ ਜਾਵੇਗਾ । ਅਗਰ ਉਸ ਤੇ ਰੈਗਿੰਗ ਦਾ ਕੇਸ ਸਿੱਧ ਹੋ ਜਾਂਦਾ ਹੈ ਤਾਂ ਉਸ ਵਿਦਿਆਰਥੀ ਨੂੰ ਕਾਲਜ ਵਿੱਚੋਂ ਕੱਢਿਆ ਵੀ ਜਾ ਸਕਦਾ ਹੈ ।

## ਕਾਲਜ ਕੈਲੰਡਰ

* ਸਾਲਾਨਾ ਸਮਾਗਮ : ਕਾਲਜ ਦੇ ਸਮੁੱਚੇ ਸੈਸ਼ਨ ਦੌਰਾਨ, ਪ੍ਰਤਿਭਾ ਖੋਜ ਮੁਕਾਬਲਾ, ਸੁਤੰਤਰਤਾ ਦਿਵਸ, ਤੀਆਂ ਦਾ ਤਿਓਹਾਰ, ਲੋਹੜੀ ਦਾ ਤਿਓਹਾਰ, ਖੇਡ ਸਮਾਰੋਹ, ਵਿਭਾਗੀ ਸਭਾਵਾਂ ਵੱਲੋਂ ਸਮਾਗਮ, ਬਸੰਤ ਪੰਚਮੀ, ਖੂਨਦਾਨ ਕੈਂਪ, ਗਣਤੰਤਰ ਦਿਵਸ, ਸਾਲਾਨਾ ਇਨਾਮ ਵੰਡ ਸਮਾਗਮ ਅਤੇ ਕਾਨਵੋਕੇਸ਼ਨ ਆਦਿ ਕਰਵਾਏ ਜਾਂਦੇ ।
* ਘਰੇਲੂ ਪ੍ਰੀਖਿਆਵਾਂ : ਘਰੇਲੂ ਪ੍ਰੀਖਿਆ ਸਿਰਫ ਬੀ.ਏ./ਬੀ.ਕਾਮ./ਬੀ.ਐਸ.ਸੀ. (ਨਾਨ ਮੈਡੀਕਲ) ਭਾਗ ਤੀਜਾ ਦੀ ਹੀ ਲਈ ਜਾਵੇਗੀ ਜਦੋਂ ਕਿ ਸਮੈਸਟਰ ਪ੍ਰਣਾਲੀ ਅਧੀਨ ਕਲਾਸਾਂ ਲਈ ਸਿਰਫ ਕਲਾਸ ਟੈਸਟ ਹੀ ਲਏ ਜਾਣਗੇ ।
* ਸਾਲਾਨਾ ਇਮਤਿਹਾਨ : ਅਪ੍ਰੈਲ/ਮਈ ਦੌਰਾਨ ਪੰਜਾਬ ਯੂਨੀਵਰਸਿਟੀ ਵੱਲੋਂ ਬੀ.ਏ. ਭਾਗ ਤੀਜਾ ਦੇ ਸਾਲਾਨਾ ਇਮਤਿਹਾਨ ਕਰਵਾਏ ਜਾਂਦੇ ਹਨ ਜਦ ਕਿ ਸਮੈਸਟਰ ਪ੍ਰਣਾਲੀ ਅਧੀਨ ਯੂਨੀਵਰਸਿਟੀ ਇਮਤਿਹਾਨ ਦਸੰਬਰ ਅਤੇ ਮਈ ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪ੍ਰਾਪਤ ਨਿਰਦੇਸ਼ਾਂ ਅਨੁਸਾਰ ਕਰਵਾਏ ਜਾਣਗੇ ।

## ANNEXURE I
## AFFIDAVIT BY THE STUDENT

I,…………(full name of student with admission/registration/enrolment number) S/o D/o Mr./Mrs./Ms………………………………………………….……………………, having been admitted to ………………..…..(name of the institution)…………………………., have received a copy of the UGC Regulations on Curbing the Menace of Ragging in Higher Educational Institutions, 2009, (hereinafter called the "Regulations"), carefully read and fully understood the provisions contained in the said Regulations.

2). I have, in particular, perused clause 3 of the Regulations and am aware as to what constitutes ragging.

3). I have also, in particular, perused clause 7 and clause 9.1 of the Regulations and am fully aware of the penal and administrative action that is liable to be taken against me in case. I am found guilty of or abetting ragging, actively or passively, or being part of a conspiracy to promote ragging.

4). I hereby solemnly aver and undertake that

a) I will not indulge in any behaviour or act that may be constituted as ragging under clause 3 of the Regulations.

b) I will not participate in or abet or propagate through any act of commission or omission that may be constituted as ragging under clause 3 of the Regulations.

5). I hereby affirm that, if found guilty of ragging, I am liable for punishment according to clause 9.1 of the Regulations, without prejudice to any other criminal action that may be taken against me under any penal law or any law for the time being in force.

6). I hereby declare that I have not been expelled or debarred from admission in any institution in the country on account of being found quality of, abetting or being part of a conspiracy to promote, ragging; and further affirm that, in case the declaration is found to be untrue, I am aware that my admission is liable to be cancelled.

Declared this ……………day of ……………month of……………..year.

**Signature of deponent**
**Name:**

## VERIFICATION

Verified that the contents of this affidavit are true to the best of my knowledge and no part of the affidavit is false and nothing has been concealed of misstated therein.

Verified at…………(place)……on this the …….(day)…….of……(month)……….(year).........

**Signature of deponent**

Solemnly affirmed and signed in my presence on this the….(day)…..of…..(month),……..(year)……after reading the contents of this affidavit.

**OATH COMMISSIONER**

**For online registration kindly visit *Anti Ragging Portal*: www.antiragging.in or visit www.amanmovement.org.**

# ADMISSION SCHEDULE

| Sr.No | Title | Date/Timeline |
|---|---|---|
| 1. | Start date of submission of online admission forms at centralized portal | 15th May, 2024 |
| 2. | End date of submission of online admission forms at centralized portal | 25th June, 2024 |
| 3. | Online Document Verification | 26th June, 2024 - 30th June 2024 |
| 4. | Display of Provisional Merit List | 4th July, 2024 |
| 5. | Removal of objections in the provisional Merit Lists | 7th July, 2024 |
| 6. | Display of Final Merit List | 9th July, 2024 |
| 7. | Counseling and First Round of Admission | 10th - 15th July 2024 |
| 8. | Commencement of online open counseling | 18th July, 2024 |
| 9. | Last date of UG online Open Counseling | 24th July, 2024 |
| 10. | Last Date for students to deposit Fee (As per University rules) | 25th July, 2024 |
| 11. | Commencement of Admission with Late Fee (if any), as per university rules | 1st August, 2024 onwards |

# ਸੈਸ਼ਨ 2024-25

## ਫੀਸਾਂ ਦਾ ਵੇਰਵਾ

ਵਿਦਿਆਰਥੀ ਪਾਸੋਂ ਦਾਖ਼ਲੇ ਸਮੇਂ ਲਈ ਜਾਣ ਵਾਲੀ ਸਲਾਨਾ ਫੀਸ/ਫੰਡ ਦਾ ਖਰਚਾ ਹੇਠ ਲਿਖੇ ਅਨੁਸਾਰ ਹੈ। ਇਸ ਵਿੱਚ ਪੰਜਾਬ ਯੂਨੀਵਰਸਿਟੀ ਦੀ ਅਗਲੇ ਸਮੈਸਟਰ ਦੀ ਇਮਤਿਹਾਨ ਫੀਸ ਸ਼ਾਮਿਲ ਨਹੀਂ ਹੈ।

| ਲੜੀ ਨੰ. | ਦਾਖ਼ਲੇ ਦੀ ਸ਼੍ਰੇਣੀ | ਜਨਰਲ/ਬੀ.ਸੀ. ਲਈ ਲਗਭਗ ਖਰਚ | ਐੱਸ.ਸੀ. ਬਿਨੈਕਾਰ ਲਈ ਲਗਭਗ ਖਰਚ |
|---|---|---|---|
| 1. | ਬੀ.ਏ. ਸਮੈਸਟਰ ਪਹਿਲਾ | 7648/- | 4030/- |
| 2. | ਬੀ.ਏ. ਸਮੈਸਟਰ ਤੀਜਾ ਅਤੇ ਪੰਜਵਾਂ | 7117/- | 4030/- |
| 3. | ਬੀ.ਕਾਮ. ਸਮੈਸਟਰ ਪਹਿਲਾ | 8758/- | 4030/- |
| 4. | ਬੀ.ਕਾਮ. ਸਮੈਸਟਰ ਤੀਜਾ ਅਤੇ ਪੰਜਵਾਂ | 8227/- | 4030/- |
| 5. | ਬੀ.ਐੱਸ. ਸੀ. ਸਮੈਸਟਰ ਪਹਿਲਾ | 8926/- | 4030/- |
| 6. | ਬੀ.ਐੱਸ. ਸੀ. ਸਮੈਸਟਰ ਤੀਜਾ ਅਤੇ ਪੰਜਵਾਂ | 8395/- | 4030/- |
| 8. | ਬੀ.ਏ. ਸਮੈਸਟਰ I, II, III ਬਿਨਾਂ ਪ੍ਰੈਕਟੀਕਲ ਪ੍ਰੀਖਿਆ ਫੀਸ | ਦਾਖਲਾ ਫੀਸ ਤੋਂ ਇਲਾਵਾ 1870/- | ਦਾਖਲਾ ਫੀਸ ਤੋਂ ਇਲਾਵਾ 1870/- |
| 9. | ਬੀ.ਏ. ਸਮੈਸਟਰ I, II, III ਪ੍ਰੈਕਟੀਕਲ ਸਮੇਤ ਪ੍ਰੀਖਿਆ ਫੀਸ | ਦਾਖਲਾ ਫੀਸ ਤੋਂ ਇਲਾਵਾ 2980/- | ਦਾਖਲਾ ਫੀਸ ਤੋਂ ਇਲਾਵਾ 2980/- |
| 10. | ਬੀ.ਕਾਮ./ਬੀ.ਐੱਸ.ਸੀ. ਸਮੈਸਟਰ I, II, III ਯੂਨੀਵਰਸਿਟੀ ਪ੍ਰੀਖਿਆ ਫੀਸ | ਦਾਖਲਾ ਫੀਸ ਤੋਂ ਇਲਾਵਾ 2980/- | ਦਾਖਲਾ ਫੀਸ ਤੋਂ ਇਲਾਵਾ 2980/- |
| 11. | ਯੂਨੀਵਰਸਿਟੀ ਇਨਵਾਇਰਮੈਂਟ ਫੀਸ | ਦਾਖਲਾ ਫੀਸ ਤੋਂ ਇਲਾਵਾ 710/- | ਦਾਖਲਾ ਫੀਸ ਤੋਂ ਇਲਾਵਾ 710/- |

(1) ਭਵਿੱਖ ਵਿੱਚ ਪੰਜਾਬ ਸਰਕਾਰ/ਯੂਨੀਵਰਸਿਟੀ ਦੀ ਹਦਾਇਤ ਆਉਣ ਤੇ ਕਿਸੇ ਵੀ ਫੀਸ/ਫੰਡ ਵਿੱਚ ਵਾਧਾ ਕੀਤਾ ਜਾ ਸਕਦਾ ਹੈ।

(2) ਫਰੀਸ਼ਿੱਪ ਕਾਰਡ ਹੋਲਡਰ ਅਨੁਸੂਚਿਤ ਜਾਤੀ ਦੇ ਵਿਦਿਆਰਥੀ ਪਾਸੋਂ ਦਾਖ਼ਲੇ ਸਮੇਂ ਕੇਵਲ ਪੀ.ਟੀ.ਏ. ਫੰਡ 4030/- ਲਿਆ ਜਾਵੇਗਾ ਅਤੇ ਅਜਿਹੇ ਵਿਦਿਆਰਥੀ ਦੁਆਰਾ ਦਾਖਲੇ ਸਮੇਂ ਆਪਣਾ ਫਰੀਸ਼ਿਪ ਕਾਰਡ Admission Portal ਤੇ ਅਪਲੋਡ ਕਰਨਾ ਲਾਜ਼ਮੀ ਹੈ।

(3) PTA ਦੀ ਦੂਜੀ ਕਿਸ਼ਤ ਪ੍ਰੀਖਿਆ ਫੀਸ ਦੇ ਨਾਲ ਹੀ ਲਈ ਜਾਵੇਗੀ।